# ਨਗਰ ਨਿਗਮ ਜਲੰਧਰ

# ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

# ਮਿਤੀ **8.1.2020**

# ਦੀ ਕਾਰਵਾਈ

(ਮਤਾ ਨੰ: **1-19**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 8.1.2020 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ................................ ਚੇਅਰਮੈਨ
2. ਸ਼੍ਰੀ ਦਿਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ............. ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ............. ਮੈਂਬਰ
4. ਸ਼੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ .................. ਮੈਂਬਰ
5. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ .............. ਮੈਂਬਰ

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.1.2020

**ਮਤਾ ਨੰਬਰ:-1**

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 20.12.2019 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 20.12.2019 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ:

- ਮਿਤੀ 6.12.19 ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੀ ਮੱਦ ਨੰ: 205 ਸਬੰਧੀ ਫੈਸਲਾ ਹੋਇਆ ਸੀ ਕਿ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖ਼ਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ।ਅੱਜ ਦੀ ਮੀਟਿੰਗ ਦੀ ਮੱਦ ਨੰ: 19 ਅਨੁਸਾਰ ਪਲੈਨਿੰਗ ਸਮੂਹ ਕਮੇਟੀ ਮੈਂਬਰਾਂ ਨੂੰ ਭੇਜ਼ ਦਿੱਤੀ ਗਈ ਹੈ । ਇਹ ਵੀ ਫੈਸਲਾ ਹੋਇਆ ਸੀ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ। ਵਿਚਾਰ ਵਟਾਂਦਰੇ ਦੋਰਾਣ ਕਮੇਟੀ ਨੂੰ ਦੱਸਿਆ ਗਿਆ ਕਿ ਅਜੇ ਠੇਕੇਦਾਰ ਵਲੋਂ ਇਹਨਾਂ ਟਰਾਲੀਆਂ ਦੇ ਬਿਲ ਪੇਸ਼ ਨਹੀਂ ਕੀਤੇ ਗਏ । ਫੈਸਲਾ ਹੋਇਆ ਕਿ ਸੱਤ ਦਿਨਾਂ ਦੇ ਅੰਦਰ-ਅੰਦਰ 100% ਬਿਲ ਪੇਸ਼ ਕੀਤੇ ਜਾਣ ਨਹੀਂ ਤਾਂ ਜਿਹੜੇ ਬਿਲ ਪੇਸ਼ ਕੀਤੇ ਗਏ ਹਨ ਜਾਂ ਪੇਸ਼ ਕੀਤੇ ਜਾਣਗੇ ਉਹਨਾਂ ਬਿਲਾਂ ਨੂੰ ਹੀ ਫਾਈਨਲ ਮੰਨ ਕੇ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਬਣਦਾ ਜੁਰਮਾਨਾ ਕੱਟ ਲਿਆ ਜਾਵੇਗਾ।
- ਮਿਤੀ 20.12.19 ਦੀ ਮੱਦ ਨੰ: 220 ਸਬੰਧੀ ਕੀਤੀ ਗਈ ਕਾਰਵਾਈ ਬਾਰੇ ਅਗਲੀ ਮੀਟਿੰਗ ਵਿੱਚ ਦੱਸਿਆ ਜਾਵੇ ।

ਉਪਰੋਕਤ ਪ੍ਰੇਖਣਾਂ ਨਾਲ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.1.2020

ਮਤਾ ਨੰਬਰ:-2

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

| Sr. No. | Name of Work | Est/ Correct/ Vetted BOQ Amt. Rs. In Lac | Saving %age | Vetted Tender Amt. In Rs. | No. of Tender Received | Name of Agency |
|---|---|---|---|---|---|---|
| **1** | Const. of centre/infrastructure for composting at STP Pholriwal. (Cantt. Constituency) | 60.91 | 2.84 | 59,18,016/- | 01 | Rajesh Bansal Contractor |
| **2** | Const. of centre for composting i/c MRF compost pits and boundary wall at Village Salempur Muslmana. (North Constituency) | 84.46 | 2.84 | 82,06,134/- | 01 | Rajesh Bansal Contractor |

ਪੜਿਆ ਦਫ਼ਤਰੀ ਨੋਟ ਟੈਂਡਰ ਸੈਲ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਕੰਮਾਂ ਦੇ ਪਹਿਲੀ ਵਾਰ ਟੈਂਡਰ ਐਨ.ਆਈ.ਟੀ. ਨੰ:553 ਮਿਤੀ:09.08.2019 ਰਾਹੀਂ ਮੰਗੇ ਗਏ ਸਨ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਇਸ ਉਪਰੰਤ ਦੂਸਰੀ ਵਾਰ ਟੈਂਡਰ ਐਨ.ਆਈ.ਟੀ. ਨੰ:569 ਮਿਤੀ:11.09.2019 ਰਾਹੀਂ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਵਸੂਲ ਨਹੀਂ ਹੋਇਆ। ਫਿਰ ਤੀਸਰੀ ਵਾਰ ਇਹਨਾਂ ਕੰਮਾਂ ਦੇ ਟੈਂਡਰ ਐਨ.ਆਈ.ਟੀ. ਨੰ:581 ਮਿਤੀ:03.10.2019 ਰਾਹੀਂ ਮੰਗੇ ਤੇ ਇੱਕ ਟੈਂਡਰ ਵਸੂਲ ਹੋਇਆ। ਸਰਕਾਰ ਦੀ ਨੋਟੀਫਿਕੇਸ਼ਨ ਨੰ:5/82/2018-2lg4/1892, Dt.02.08.18 ਅਨੁਸਾਰ ਜੇਕਰ ਇਹ ਤੀਸਰੀ ਵਾਰ 3 ਟੈਂਡਰਾਂ ਤੋਂ ਘੱਟ ਟੈਂਡਰ ਪ੍ਰਾਪਤ ਹੁੰਦੇ ਹਨ ਤਾਂ ਟੈਂਡਰ ਖੋਲ੍ਹੇ ਜਾ ਸਕਦੇ ਹਨ। ਰਾਜੇਸ਼ ਬਾਂਸਲ ਠੇਕੇਦਾਰ ਵੱਲੋਂ ਦੋਨਾਂ ਕੰਮਾਂ ਦੀ 2.84% ਸੇਵਿੰਗ ਦਿੱਤੀ ਗਈ ਹੈ ਜੋ ਕਿ ਤੀਜੀ ਵਾਰ ਟੈਂਡਰ ਪ੍ਰਾਪਤ ਹੋਣ ਕਾਰਨ ਵਾਜਿਬ ਹੈ। ਇਸ ਉਪਰੰਤ ਇਹਨਾਂ ਕੰਮਾਂ ਦੀ ਤੁਲਨਾਤਮਕ ਸੂਚੀ ਵੈਟ ਕਰਨ ਹਿੱਤ ਇਹ ਮਿਸਲਾਂ ਮੂਲ ਰੂਪ ਵਿੱਚ ਇਸ ਦਫਤਰ ਦੇ ਪੱਤਰ ਨੰ:ਐਸ.ਈ.(ਬੀ. ਐਂਡ ਆਰ.)-ਡੀ./163-164 ਮਿਤੀ:05.12.2019 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜੀਆਂ ਗਈਆਂ ਸਨ। ਇਹਨਾਂ ਵਿਕਾਸ ਕੰਮਾਂ ਦੀਆਂ ਤੁਲਨਾਤਮਕ ਸੂਚੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰ:ਸੀ.ਈ.-2019/60932 ਮਿਤੀ:27.12.2019 ਰਾਹੀਂ ਵੈਟ ਕੀਤੇ ਗਏ ਹਨ ਪਰੰਤੂ ਇਹਨਾਂ ਕੰਮਾਂ ਦੀਆਂ ਮਿਸਲਾਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਦਫਤਰ ਵਿੱਚ ਹੀ ਹਨ।ਉਪਰੋਕਤ ਨੂੰ ਮੁੱਖ ਰਖਦੇ ਹੋਏ ਇਹਨਾਂ ਕੰਮਾਂ ਦੇ ਟੈਂਡਰ ਪ੍ਰਵਾਨਗੀ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮੇਅਰ ਜੀ ਦੇ ਆਦੇਸ਼ ਮਿਤੀ 2.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਦੱਸਿਆ ਗਿਆ ਕਿ ਇਹਨਾਂ ਟੈਂਡਰਾਂ ਦੀਆਂ ਮਿਸਲਾਂ ਮੁੱਖ ਇੰਜੀਨਿਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਤੋਂ ਵੈਟ ਹੋ ਕੇ ਆ ਗਈਆਂ ਹਨ ਅਤੇ ਇਹ ਮਿਸਲਾਂ ਕਮੇਟੀ ਸਨਮੁੱਖ ਪੇਸ਼ ਕੀਤੀਆਂ ਗਈਆਂ। ਫੈਸਲਾ ਹੋਇਆ ਕਿ ਇਹ ਟੈਂਡਰ ਪ੍ਰਵਾਨ ਕੀਤੇ ਜਾਂਦੇ ਹਨ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

ਮਤਾ ਨੰਬਰ:-3

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।(ਯੂ.ਈ.ਆਈ.ਪੀ. ਗ੍ਰਾਂਟ)

ਰੁਪਏ ਲੱਖਾਂ ਵਿੱਚ

| Sr. No. | W. No. | Name of Work | Est. Amt. | Saving %age | Tender Amt. | Name of Agency | Tender called (No. of Times) | No. of Tenders Received |
|---|---|---|---|---|---|---|---|---|
| 1. | 40 | P/L of 80 mm I/L thick tiles streets in Major Singh Colony. | 22.80 | 32.40 | 15.41 | Balram Rai Monga | 1st Time | 04 |
| 2. | 8 | P/F Interlocking tiles in kabir Avenue ward no.-8 | 16.51 | 31.50 | 11.30 | Balram Rai Monga | 1st Time | 06 |
| 3. | 8 | P/F Interlocking tiles in Kohinoor Enclave Ward | 22.71 | 31.50 | 15.56 | Balram Rai Monga | 1st Time | 06 |
| 4. | 8 | P/F Interlocking tiles in Moti Bagh | 23.65 | 31.50 | 16.20 | Balram Rai Monga | 1st Time | 07 |
| 5. | 12 | P/F interlocking tiles in Baba Budha ji Extension | 33.00 | 31.50 | 22.60 | Balram Rai Monga | 1st Time | 03 |
| 6. | 5 | Const. of CC streets in Baba Deep Singh Nagar | 18.39 | 27.00 | 13.42 | Balram Rai Monga | 1st Time | 04 |
| 7. | 72 | Const of various CC streets of new madhuban colony gali no. 1 | 19.15 | 27.27 | 13.92 | Vishal Govt. Contractor | 1st Time | 05 |
| 8. | 73 | Const of CC streets near service station on Baba Budha Ji Pully | 13.00 | 25.51 | 9.68 | Paminder Singh | 1st Time | 04 |
| 9. | 41 | Const of CC streets near Cricket Academy in Tower Enclave. | 27.63 | 25.99 | 20.44 | M/S Jai Shankar | 1st Time | 05 |

ਪੜਿਆ ਦਫ਼ਤਰੀ ਨੋਟ ਟੈਂਡਰ ਸੈਲ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਦਰਸਾਏ ਗਏ ਸਭ ਕੰਮਾਂ ਦੀ ਸੇਵਿੰਗ 25.00% ਤੋਂ ਵੱਧ ਹੈ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਦੀ ਨੋਟੀਫਿਕੇਸ਼ਨ5/82/2018-2lg4/1892, Dt.02.08.18 ਦੀ ਕਲਾਜ਼ 6.2 ਅਨੁਸਾਰ ਜੇਕਰ ਏਜੰਸੀ ਵੱਲੋਂ ਕਿਸੇ ਕੰਮ ਲਈ 25% ਤੋਂ ਵੱਧ ਸੇਵਿੰਗ ਪਾਈ ਜਾਂਦੀ ਹੈ ਤਾਂ "Detail Analysis to check the viability of rate w.r.t. to construction methodology & workability ਬਾਰੇ ਸਪਸ਼ਟੀਕਰਨ ਦਿੱਤਾ ਜਾਵੇ ਅਤੇ ਕੰਮ ਦੇ ਤਖਮੀਨੇ ਦਾ 5% ਬੈਂਕ ਗਰੰਟੀ ਜਮ੍ਹਾਂ ਕਰਵਾਈ ਜਾਵੇਗੀ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਪਰੋਕਤ ਏਜੰਸੀਆਂ ਪਾਸੋਂ 5% ਬੈਂਕ ਜਮ੍ਹਾਂ ਕਰਵਾਉਣ ਲਈ ਇਹਨਾਂ ਏਜੰਸੀਆਂ ਨੂੰ 3 ਵਾਰ ਵੱਖ-ਵੱਖ ਪੱਤਰਾਂ ਰਾਹੀਂ ਨੋਟਿਸ ਭੇਜੇ ਗਏ ਪਰੰਤੂ ਉਪਰੋਕਤ ਏਜੰਸੀਆਂ ਵੱਲੋਂ ਬੈਂਕ ਗਰੰਟੀ ਜਮ੍ਹਾਂ ਨਹੀਂ ਕਰਵਾਈ ਗਈ।ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ ਜੀ।

ਮੇਅਰ ਜੀ ਦੇ ਆਦੇਸ਼ ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਪ੍ਰਵਾਨਗੀ ਹਿੱਤ ਪੇਸ਼ ਹਨ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਫੈਸਲਾ ਹੋਇਆ ਕਿ ਇਹ ਟੈਂਡਰ ਇਸ ਸ਼ਰਤ ਤੇ ਪ੍ਰਵਾਨ ਕੀਤੇ ਜਾਂਦੇ ਹਨ ਕਿ ਨੋਟੀਫਿਕੇਸ਼ਨ ਅਨੁਸਾਰ ਇਹਨਾਂ ਟੈਂਡਰਾਂ ਦੇ ਤਖ਼ਮੀਨਿਆਂ ਦਾ 5% ਬੈਂਕ ਗਾਰੰਟੀ ਜਮ੍ਹਾਂ ਕਰਵਾਕੇ ਹੀ ਵਰਕ ਆਰਡਰ ਜਾਰੀ ਕੀਤੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-4**

ਵਿਸ਼ਾ:- ਐਨੂਅਲ ਮੇਨਟੀਨੈਂਸ ਵਰਕ ਆਫ ਵਾਰਡ ਨੰ. 4

**ਹਵਾਲਾ:** ਵਰਕ ਆਰਡਰ ਨੰ: ਸੀ.ਈ./ਡਬਲਯੂ/23 ਮਿਤੀ 28-01-2019

ਪੜਿਆ ਦਫ਼ਤਰੀ ਨੋਟ (ਬੀ ਐਂਡ ਆਰ ਸ਼ਾਖਾ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਦਰਸਾਇਆ ਕੰਮ ਹਵਾਲੇ ਅਧੀਨ ਦਰਸਾਏ ਵਰਕ ਆਰਡਰ ਮਿਤੀ 28.01.19 ਨੂੰ ਜੇ.ਪੀ. ਬਿਲਡਿੰਗ ਮਟੀਰੀਅਲ, ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ ਅਤੇ ਇਹ ਕੰਮ ਪੂਰਾ ਕਰਨ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਕੰਮ ਸ਼ੁਰੂ ਨਾ ਕਰਨ ਤੇ ਪਹਿਲਾ ਨੋਟਿਸ ਨੰ:134/ਐਸ.ਈ (ਬੀ.ਐਡ.ਆਰ) ਐਸ ਮਿਤੀ: 21.11.2019, ਦੂਸਰਾ ਨੋਟਿਸ ਨੰ. 169/ਐਸ.ਈ (ਬੀ.ਐਂਡ.ਆਰ) ਐਸ ਮਿਤੀ: 02.12.19, ਅਤੇ ਅੰਤਿਮ ਨੋਟਿਸ ਨੰ: 206/ਐਸ.ਈ (ਬੀ.ਐਂਡ.ਆਰ) ਮਿਤੀ 13.12.19 ਰਾਹੀਂ ਭੇਜਿਆ ਗਿਆ, ਜਿਸ ਵਿੱਚ ਠੇਕੇਦਾਰ ਨੂੰ ਕੰਮ ਜਲਦ ਤੋਂ ਜਲਦ ਸ਼ੁਰੂ ਕਰਕੇ ਖਤਮ ਕਰਨ ਲਈ ਲਿਖਿਆ ਗਿਆ ਸੀ।ਇਸ ਨੋਟਿਸ ਨੂੰ ਮਿਲਣ ਉਪਰੰਤ ਵੀ ਠੇਕੇਦਾਰ ਵਲੋਂ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਸ ਕੰਮ ਲਈ ਸਬੰਧਤ ਸਟਾਫ ਅਤੇ ਨਿਮਨਹਸਤਾਖਰੀ ਵਲੋਂ ਠੇਕੇਦਾਰ ਨੂੰ ਕਈ ਵਾਰੀ ਜੁਬਾਨੀ ਤੌਰ ਤੇ ਵੀ ਕਿਹਾ ਗਿਆ ਹੈ ਪ੍ਰੰਤੂ ਠੇਕੇਦਾਰ ਵੱਲੋ ਇਹ ਕੰਮ ਸ਼ੁਰੂ ਨਹੀ ਕੀਤਾ ਗਿਆ। ਇਸ ਲਈ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਦੇ ਖਿਲਾਫ ਬਣਦੀ ਕਾਰਵਾਈ ਕਰਣੀ ਬਣਦੀ ਹੈ।

ਠੇਕੇਦਾਰ ਵਲੋਂ ਮਿਤੀ 18.12.2019 ਨੂੰ ਨਗਰ ਨਿਗਮ ਨੂੰ ਲਿੱਖ ਕੇ ਪੱਤਰ ਦਿੱਤਾ ਹੈ ਕਿ ਉਸ ਨੂੰ ਅਲਾਟ ਕੀਤੇ ਕੰਮ ਕੈਂਸਲ ਕੀਤੇ ਜਾਣ ਕਿਉਂਕਿ ਹਲਕਾ ਐਮ.ਐਲ.ਏ ਸਾਹਿਬ ਇਹ ਕੰਮ ਨਹੀਂ ਕਰਵਾਉਣਾ ਚਾਹੁੰਦੇ। ਠੇਕੇਦਾਰ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਹ ਕੇਸ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਅਤੇ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

ਮੇਅਰ ਜੀ ਦੇ ਆਦੇਸ਼ ਮਿਤੀ 2.1.2020 ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-5**

ਵਿਸ਼ਾ:- ਐਨੂਅਲ ਮੇਨਟੀਨੈਂਸ ਵਰਕ ਆਫ ਵਾਰਡ ਨੰ. 66

**ਹਵਾਲਾ:** ਵਰਕ ਆਰਡਰ ਨੰ: ਸੀ.ਈ./ਡਬਲਯੂ/44 ਮਿਤੀ 28-01-2019,

ਪੜਿਆ ਦਫ਼ਤਰੀ ਨੋਟ (ਬੀ ਐਂਡ ਆਰ ਸ਼ਾਖਾ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਦਰਸਾਇਆ ਕੰਮ ਹਵਾਲੇ ਅਧੀਨ ਦਰਸਾਏ ਵਰਕ ਆਰਡਰ ਮਿਤੀ 28.01.19 ਨੂੰ ਜੇ.ਪੀ. ਬਿਲਡਿੰਗ ਮਟੀਰੀਅਲ, ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ ਅਤੇ ਇਹ ਕੰਮ ਪੂਰਾ ਕਰਨ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਕੰਮ ਸ਼ੁਰੂ ਨਾ ਕਰਨ ਤੇ ਪਹਿਲਾ ਨੋਟਿਸ ਨੰ:138/ਐਸ.ਈ (ਬੀ.ਐਡ.ਆਰ) ਐਸ ਮਿਤੀ: 21.11.2019, ਦੂਸਰਾ ਨੋਟਿਸ ਨੰ. 171/ਐਸ.ਈ (ਬੀ.ਐਂਡ.ਆਰ) ਐਸ ਮਿਤੀ: 02.12.19, ਅਤੇ ਅੰਤਿਮ ਨੋਟਿਸ ਨੰ: 210/ਐਸ.ਈ (ਬੀ.ਐਂਡ.ਆਰ) ਮਿਤੀ 13.12.19 ਰਾਹੀਂ ਭੇਜਿਆ ਗਿਆ, ਜਿਸ ਵਿੱਚ ਠੇਕੇਦਾਰ ਨੂੰ ਕੰਮ ਜਲਦ ਤੋਂ ਜਲਦ ਸ਼ੁਰੂ ਕਰਕੇ ਖਤਮ ਕਰਨ ਲਈ ਲਿਖਿਆ ਗਿਆ ਸੀ।ਇਸ ਨੋਟਿਸ ਨੂੰ ਮਿਲਣ ਉਪਰੰਤ ਵੀ ਠੇਕੇਦਾਰ ਵਲੋਂ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਸ ਕੰਮ ਲਈ ਸਬੰਧਤ ਸਟਾਫ ਅਤੇ ਨਿਮਨਹਸਤਾਖਰੀ ਵਲੋਂ ਠੇਕੇਦਾਰ ਨੂੰ ਕਈ ਵਾਰੀ ਜੁਬਾਨੀ ਤੌਰ ਤੇ ਵੀ ਕਿਹਾ ਗਿਆ ਹੈ ਪ੍ਰੰਤੂ ਠੇਕੇਦਾਰ ਵੱਲੋ ਇਹ ਕੰਮ ਸ਼ੁਰੂ ਨਹੀ ਕੀਤਾ ਗਿਆ। ਇਸ ਲਈ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਦੇ ਖਿਲਾਫ ਬਣਦੀ ਕਾਰਵਾਈ ਕਰਣੀ ਬਣਦੀ ਹੈ।

ਠੇਕੇਦਾਰ ਵਲੋਂ ਮਿਤੀ 18.12.2019 ਨੂੰ ਨਗਰ ਨਿਗਮ ਨੂੰ ਲਿੱਖ ਕੇ ਪੱਤਰ ਦਿੱਤਾ ਹੈ ਕਿ ਉਸ ਨੂੰ ਅਲਾਟ ਕੀਤੇ ਕੰਮ ਕੈਂਸਲ ਕੀਤੇ ਜਾਣ ਕਿਉਂਕਿ ਹਲਕਾ ਐਮ.ਐਲ.ਏ ਸਾਹਿਬ ਇਹ ਕੰਮ ਨਹੀਂ ਕਰਵਾਉਣਾ ਚਾਹੁੰਦੇ। ਠੇਕੇਦਾਰ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਹ ਕੇਸ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਅਤੇ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

ਮੇਅਰ ਜੀ ਦੇ ਆਦੇਸ਼ ਮਿਤੀ 2.1.2020 ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-6**

ਵਿਸ਼ਾ:- ਐਨੂਅਲ ਮੇਨਟੀਨੈਂਸ ਵਰਕ ਆਫ ਵਾਰਡ ਨੰ. 2

**ਹਵਾਲਾ:** ਵਰਕ ਆਰਡਰ ਨੰ: ਸੀ.ਈ./ਡਬਲਯੂ/43 ਮਿਤੀ 28-01-2019

ਪੜਿਆ ਦਫ਼ਤਰੀ ਨੋਟ (ਬੀ ਐਂਡ ਆਰ ਸ਼ਾਖਾ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਦਰਸਾਇਆ ਕੰਮ ਹਵਾਲੇ ਅਧੀਨ ਦਰਸਾਏ ਵਰਕ ਆਰਡਰ ਮਿਤੀ 28.01.19 ਨੂੰ ਜੇ.ਪੀ. ਬਿਲਡਿੰਗ ਮਟੀਰੀਅਲ, ਠੇਕੇਦਾਰ ਨੂੰ ਅਲਾਟ ਕੀਤਾ ਗਿਆ ਸੀ ਅਤੇ ਇਹ ਕੰਮ ਪੂਰਾ ਕਰਨ ਲਈ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਠੇਕੇਦਾਰ ਵਲੋਂ ਕੰਮ ਸ਼ੁਰੂ ਨਾ ਕਰਨ ਤੇ ਪਹਿਲਾ ਨੋਟਿਸ ਨੰ:136/ਐਸ.ਈ (ਬੀ.ਐਡ.ਆਰ) ਐਸ ਮਿਤੀ: 21.11.2019, ਦੂਸਰਾ ਨੋਟਿਸ ਨੰ. 173/ਐਸ.ਈ (ਬੀ.ਐਂਡ.ਆਰ) ਐਸ ਮਿਤੀ: 02.12.19, ਅਤੇ ਅੰਤਿਮ ਨੋਟਿਸ ਨੰ: 208/ਐਸ.ਈ (ਬੀ.ਐਂਡ.ਆਰ) ਮਿਤੀ 13.12.19 ਰਾਹੀਂ ਭੇਜਿਆ ਗਿਆ, ਜਿਸ ਵਿੱਚ ਠੇਕੇਦਾਰ ਨੂੰ ਕੰਮ ਜਲਦ ਤੋਂ ਜਲਦ ਸ਼ੁਰੂ ਕਰਕੇ ਖਤਮ ਕਰਨ ਲਈ ਲਿਖਿਆ ਗਿਆ ਸੀ।ਇਸ ਨੋਟਿਸ ਨੂੰ ਮਿਲਣ ਉਪਰੰਤ ਵੀ ਠੇਕੇਦਾਰ ਵਲੋਂ ਇਹ ਕੰਮ ਸ਼ੁਰੂ ਨਹੀਂ ਕੀਤਾ ਗਿਆ। ਇਸ ਕੰਮ ਲਈ ਸਬੰਧਤ ਸਟਾਫ ਅਤੇ ਨਿਮਨਹਸਤਾਖਰੀ ਵਲੋਂ ਠੇਕੇਦਾਰ ਨੂੰ ਕਈ ਵਾਰੀ ਜੁਬਾਨੀ ਤੌਰ ਤੇ ਵੀ ਕਿਹਾ ਗਿਆ ਹੈ ਪ੍ਰੰਤੂ ਠੇਕੇਦਾਰ ਵੱਲੋ ਇਹ ਕੰਮ ਸ਼ੁਰੂ ਨਹੀ ਕੀਤਾ ਗਿਆ। ਇਸ ਲਈ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਠੇਕੇਦਾਰ ਦੇ ਖਿਲਾਫ ਬਣਦੀ ਕਾਰਵਾਈ ਕਰਣੀ ਬਣਦੀ ਹੈ।

ਠੇਕੇਦਾਰ ਵਲੋਂ ਮਿਤੀ 18.12.2019 ਨੂੰ ਨਗਰ ਨਿਗਮ ਨੂੰ ਲਿੱਖ ਕੇ ਪੱਤਰ ਦਿੱਤਾ ਹੈ ਕਿ ਉਸ ਨੂੰ ਅਲਾਟ ਕੀਤੇ ਕੰਮ ਕੈਂਸਲ ਕੀਤੇ ਜਾਣ ਕਿਉਂਕਿ ਹਲਕਾ ਐਮ.ਐਲ.ਏ ਸਾਹਿਬ ਇਹ ਕੰਮ ਨਹੀਂ ਕਰਵਾਉਣਾ ਚਾਹੁੰਦੇ। ਠੇਕੇਦਾਰ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਇਹ ਕੇਸ ਅਗਲੇਰੀ ਕਾਰਵਾਈ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਅਤੇ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

ਮੇਅਰ ਜੀ ਦੇ ਆਦੇਸ਼ ਮਿਤੀ 2.1.2020 ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-7**

ਵਿਸ਼ਾਂ: ਕਨਸਟਰਕਸ਼ਨ ਆਫ ਸਟਰੀਟਸ ਮੁੱਹਲਾ ਨਾਸਿਰਦੀਨ ਅਤੇ ਤੇਲੀਆਂ ਮੁੱਹਲਾ ਵਾਰਡ ਨੰ:44 (25% ਸੋਧ ਕਰਨ ਬਾਰੇ)

ਕੰਮ ਦਾ ਤਖਮੀਨਾ ਰੁ: 10,30,000/-
ਸੋਧਿਆ ਤਖਮੀਨਾ ਰੁ: 12,80,000/-

ਪੜ੍ਹਿਆ ਦਫਤਰੀ ਨੋਟ. ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 1.1.2020 ਰਾਹੀਂ ਲਿਖਿਆ ਹੈ ਕਿ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀ: ਬਰਾਂਚ ਵਲੋ ਤਿਆਰ ਕੀਤਾ ਗਿਆ।ਜਿਸ ਨੂੰ ਨਗਰ ਨਿਗਮ ਨੇ ਆਪਣੇ ਮਤਾ ਨੰ: 99(52) ਮਿਤੀ 25-6-2018 ਰਾਹੀ ਪ੍ਰਵਾਨ ਕੀਤਾ ਗਿਆ ਸੀ ।ਇਸ ਕੰਮ ਦੇ ਟੈਂਡਰ 29-10-2019 ਨੂੰ ਈ-ਟੈਂਡਰਿੰਗ ਰਾਹੀ ਮੰਗੇ ਗਏ ਤੇ ਇੱਕ ਟੈਂਡਰ ਸ਼੍ਰੀ ਪਰਮਿੰਦਰ ਸਿੰਘ,ਠੇਕੇਦਾਰ ਦਾ ਪਾਇਆ ਗਿਆ।ਜਿਸ ਨੂੰ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 175(6) ਮਿਤੀ 8-11-2019 ਰਾਹੀ ਪ੍ਰਵਾਨ ਕੀਤਾ।ਜਿਸ ਉਪਰੰਤ ਠੇਕੇਦਾਰ ਨੂੰ ਵਰਕ ਆਰਡਰ ਨੰ: ਸੀਈ/ਡਬਲਯੂ/77 ਮਿਤੀ: 19-1-2019 ਰਾਹੀ ਅਲਾਟ ਕੀਤਾ ਗਿਆ।

ਮੌਕੇ ਤੇ ਠੇਕੇਦਾਰ ਵਲੋ ਕੰਮ ਸੁਰੂ ਕਰ ਦਿਤਾ ਗਿਆ ਸੀ ।ਮਾਨਯੋਗ ਡਿਪਟੀ ਮੇਅਰ ਸਾਹਿਬ ਵਲੋ ਲਿਖਤੀ ਰੂਪ ਵਿਚ ਲਿਖ ਕੇ ਦਿਤਾ ਗਿਆ ਹੈ ਕਿ ਮੌਕੇ ਤੇ ਨਾਲ ਲਗਦੀਆਂ ਗਲੀਆਂ ਜਿਨਾਂ ਦੀ ਹਾਲਤ ਕਾਫੀ ਖਰਾਬ ਹੋ ਚੁੱਕੀ ਹੈ ਬਣਾ ਦਿਤੀਆਂ ਜਾਣ।ਡਿਪਟੀ ਮੇਅਰ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਇਸ ਕੰਮ ਦਾ ਸੋਧਿਆ ਤਖਮੀਨਾ ਰੁ: 12,80,000/- ਦਾ ਤਿਆਰ ਕੀਤਾ ਗਿਆ ਹੈ,ਜ਼ੋ ਕਿ ਅਸਲ ਤਖਮੀਨੇ ਤੋ 25% ਦੇ ਅੰਦਰ-2 ਹੈ।ਜਿਸ ਦੀ ਪ੍ਰਵਾਨਗੀ ਵਿਤ ਅਤੇ ਠੇਕਾ ਕਮੇਟੀ ਪਾਸੋਂ ਲੋੜੀਂਦੀ ਹੈ ਅਤੇ ਇਸ ਕੰਮ ਦੀ ਮਿਆਦ ਵਿੱਚ 2 ਮਹੀਨੇ ਦਾ ਵਾਧਾ ਕਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ।

ਇਸ ਲਈ ਉਕਤ ਤੱਥਾਂ ਨੂੰ ਮੁੱਖ ਰਖਦੇ ਹੋਏ ਉਕਤ ਕੇਸ ਵਿਤ ਅਤੇ ਠੇਕਾ ਕਮੇਟੀ ਵਿਚ ਰੱਖਣ ਦੀ ਪ੍ਰਵਾਨਗੀ ਦਿਤੀ ਜਾਵੇ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 1.1.2020 ਰਾਹੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਜੇਕਰ ਕਿਸੇ ਤਖ਼ਮੀਨੇ ਨੂੰ ਸੋਧਣ ਦੀ ਪ੍ਰਵਾਨਗੀ ਮੰਗੀ ਜਾਂਦੀ ਹੈ ਤਾਂ ਪਹਿਲਾਂ ਉਸ ਬਾਬਤ ਪੂਰੀ ਡਿਟੇਲ ਜਿਵੇਂ ਕਿ ਅਸਲ ਤਖ਼ਮੀਨਾ ਕਿੰਨਾ ਸੀ ਅਤੇ ਕਿੰਨਾ ਕੰਮ ਹੋ ਚੁੱਕਾ ਹੈ, ਕਿੰਨੇ ਕੰਮ ਦੇ ਬਿਲ ਪਾਸ ਕਰ ਦਿੱਤਾ ਗਿਆ ਹੈ ਆਦਿ ਦੱਸਿਆ ਜਾਵੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.1.2020

**ਮਤਾ ਨੰਬਰ:-8**

ਵਿਸ਼ਾ:- ਪ੍ਰੋਵਾਈਡਿੰਗ ਐਂਡ ਲੇਇੰਗ ਆਫ ਆਰ.ਐਮ.ਸੀ. ਐਮ-30 ਆਨ ਦੀ ਰੋਡ ਆਫ ਲਵ-ਕੁਸ਼ ਚੌਂਕ ਟੂ ਰਾਮ ਚੌਂਕ ਦੇ ਤਖਮੀਨੇ ਵਿੱਚ 25% ਵਾਧਾ ਕਰਨ ਸਬੰਧੀ।

ਪੜ੍ਹਿਆ ਨੋਟ ਜੂਨੀਅਰ ਇੰਜੀਨੀਅਰ ਮਿਤੀ:17.12.2019, ਰਿਪੋਰਟ ਕੀਤੀ ਜਾਂਦੀ ਹੈ ਕਿ ਲਵ-ਕੁਸ਼ ਚੌਂਕ ਤੋਂ ਲੈ ਕੇ ਰਾਮ ਚੌਂਕ ਤੱਕ ਜਾਂਦੀ ਸੜਕ ਦੀ ਉਸਾਰੀ ਦੇ ਕੰਮ ਦੇ ਤਖਮੀਨੇ ਵਿੱਚ 25% ਵਾਧਾ ਕਰਨਾ ਜ਼ਰੂਰੀ ਹੈ। ਕਿਉਂ ਕਿ ਪਹਿਲੇ ਤਖਮੀਨੇ ਵਿੱਚ ਸੜਕ ਦੀ ਆਰ.ਸੀ.ਸੀ. ਦੀ ਥਿਕਨੈਸ ਛੇ ਇੰਚ ਲਈ ਹੋਈ ਸੀ, ਪਰ ਸੜਕ ਬਣਾਉਣ ਦੇ ਨਿਯਮਾਂ ਅਨੁਸਾਰ ਜਿੱਥੇ ਕਮਰਸ਼ੀਅਲ ਡਰਾਈਵੇਅ ਹੋਵੇ ਉੱਥੇ ਅੱਠ ਇੰਚ ਆਰ.ਸੀ.ਸੀ. ਦੀ ਥਿਕਨੈਸ ਤੋਂ ਘੱਟ ਨਹੀਂ ਪਾ ਸਕਦੇ। ਇਸ ਕਰਕੇ ਇਸ ਰੋਡ ਉਪਰ ਆਰ.ਸੀ.ਸੀ. ਥਿਕਨੈਸ ਅੱਠ ਇੰਚ ਲੈਣੀ ਜ਼ਰੂਰੀ ਹੈ। ਇਸ ਸੜਕ ਤੇ ਹੈਵੀ ਵਹੀਕਲਸ ਦੀ ਆਵਾਜਾਈ ਵੀ ਜ਼ਿਆਦਾ ਹੈ ਅਤੇ ਇੱਥੇ ਇਹ ਵੀ ਦੱਸਣ ਯੋਗ ਹੈ ਕਿ ਪਹਿਲੇ ਤਖਮੀਨੇ ਵਿੱਚ ਸਰੀਆ ਅੱਠ ਐਮ.ਐਮ. ਸਾਈਜ਼ ਦਾ ਲਿਆ ਹੋਇਆ ਸੀ। ਹੁਣ ਰਿਵਾਈਜ਼ ਤਖਮੀਨੇ ਵਿੱਚ ਆਰ.ਸੀ.ਸੀ. ਦੀ ਥਿਕਨੈਸ ਅੱਠ ਇੰਚ ਅਤੇ ਸਰੀਆ ਵੀ ਦੱਸ ਐਮ.ਐਮ. ਸਾਈਜ਼ ਦਾ ਲੈ ਲਿਆ ਗਿਆ ਹੈ। ਥਿਕਨੈਸ ਅਤੇ ਸਰੀਏ ਦਾ ਸਾਈਜ਼ ਠੀਕ ਕਰਨ ਲਈ ਕਾਰਜਕਾਰੀ ਇੰਜੀਨੀਅਰ ਸਾਹਿਬ ਨਾਲ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਜਿਸ ਵਿੱਚ ਕਾਰਜਕਾਰੀ ਇੰਜੀਨੀਅਰ ਸਾਹਿਬ ਨੇ ਵੀ ਆਪਣੀ ਸਹਿਮਤੀ ਵੀ ਪ੍ਰਗਟ ਕੀਤੀ ਹੈ।ਉਪਰੋਕਤ ਤਖਮੀਨੇ ਦੇ ਮੁੱਖ ਤੱਥਾਂ ਨੂੰ ਵਿਚਾਰਦੇ ਹੋਏ ਰਿਵਾਈਜ਼ ਕਰਨਾ ਜ਼ਰੂਰੀ ਹੈ। ਕਾਰਜਕਾਰੀ ਇੰਜੀਨੀਅਰ ਜੀ ਨੇ ਲਿਖਿਆ ਹੈ ਕਿ ਕੰਮ ਦਾ ਮੌਕਾ ਵੇਖਿਆ ਗਿਆ। ਮੌਕੇ ਤੇ ਇਸ ਰੋਡ ਦੀ ਸੀਮੈਂਟ ਕੰਕਰੀਟ ਦੀ ਥਿਕਨੈਸ ਡਿਸਮੈਟੀਲਿੰਗ ਕਰਨ ਉਪਰੰਤ 8 ਇੰਚ ਪਾਈ ਗਈ ਹੈ ਅਤੇ ਸਰੀਆ 10ਐਮ.ਐਮ.ਸਾਇਜ ( ਪੁਰਾਣਾ ਖਰਾਬ ਹੋ ਚੁੱਕਾ) ਪਾਇਆ ਗਿਆ ਹੈ।ਇਹ ਰੋਡ ਅੱਜ ਤੋ ਲੱਗਭੱਗ 15 ਤੋਂ 20 ਸਾਲ ਪਹਿਲਾਂ ਬਣੀ ਸੀ। ਉਸ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤੱਕ ਟਰੈਫਿਕ ਵਿਚ ਬਹੁਤ ਵਾਧਾ ਹੋ ਚੁੱਕਾ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਦੀ ਆਰ.ਐਮ.ਸੀ. ਦੀ ਥਿਕਨੈਸ 8 ਇੰਚ ਅਤੇ ਸਰੀਆਂ 10 ਐਮ.ਐਮ. ਬਾਰ ਦਾ ਵਰਤਿਆਂ ਜਾਣਾ ਜਰੂਰੀ ਹੈ। ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਤਖਮੀਨੇ ਨੂੰ ਰੀਵਾਇਜ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 26.12.2019 ਰਾਹੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.1.2019 ਰਾਹੀਂ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-9**

ਵਿਸ਼ਾ :- ਪੀ/ਐਲ ਐਸ.ਡੀ.ਸੀ ਆਨ ਰੋਡਸ ਨੀਅਰ ਸੋਡਲ ਮੰਦਿਰ ਅਹੈਡ ਆਫ ਸੋਡਲ ਮੇਲਾ।(ਤਖਮੀਨਾ ਸੋਧਣ ਬਾਰੇ)

ਪੜ੍ਹਿਆ ਦਫ਼ਤਰੀ ਨੋਟ ਬੀ.ਐਂਡ.ਆਰ ਸ਼ਾਖਾ ਜਿਸ ਦੀ ਸਿਫਾਰਿਸ਼ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 31.12.2019 ਰਾਹੀ ਕੀਤੀ ਹੈ ਕਿ ਉਪਰੋਕਤ ਕੰਮ ਸਤੀਸ਼ ਅਗਰਵਾਲ ਐਂਡ ਕੰਪਨੀ ਨੂੰ ਵਰਕ ਆਰਡਰ ਨੰ. ਸੀ.ਈ/ਐਨ/47 ਮਿਤੀ : 05.03.2019 ਨੂੰ ਅਲਾਟ ਕੀਤਾ ਗਿਆ ਸੀ। ਇਸ ਕੰਮ ਨੂੰ ਕਰਨ ਲਈ। ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਇਸ ਕੰਮ ਨੂੰ ਪੂਰਾ ਕਰ ਦਿੱਤਾ ਗਿਆ ਹੈ। ਏਰੀਆਂ ਕੌਂਸਲਰ ਨੇ ਇਸ ਕੰਮ ਵਿੱਚ ਸਈਟਾਂ ਤੇ ਸੀਮੈਂਟ ਕੰਕਰੀਟ ਕਰਨ ਲਈ ਪੱਤਰ ਦਿੱਤਾ ਹੈ। ਇਸ ਲਈ ਇਸ ਕੰਮ ਨੂੰ 25% ਰਿਵਾਇਜ਼ ਕਰਨਾ ਜਰੂਰੀ ਹੈ। ਇਸ ਦਾ ਰਿਵਾਇਜ਼ ਤਖਮੀਨਾ ਬਣਾ ਦਿੱਤਾ ਗਿਆ ਹੈ ਅਤੇ ਨਾਲ ਹੀ ਵਿੱਤ ਅਤੇ ਠੇਕਾ ਕਮੇਟੀ ਦੀ ਪ੍ਰਵਾਨਗੀ ਮਿਤੀ ਤੋਂ 1 ਮਹੀਨੇ ਦਾ ਸਮਾਂ ਵੀ ਵਧਾਇਆ ਜਾਵੇ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 31.12.2019 ਰਾਹੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 31.12.2019 ਰਾਹੀ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਣ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-10**

ਵਿਸ਼ਾ:- ਰਿਪੇਅਰ ਐਂਡ ਰੈਨੋਵੇਸ਼ਨ ਆਫ ਪਾਰਕਸ ਆਫ ਬੰਦਾ ਬਹਾਦਰ ਨਗਰ ਵਾਲੀ ਫਾਇਲ ਦਾ 25% ਤਖਮੀਨਾ ਵਧਾਉਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ ਸ਼ਾਖਾ ਜਿਸ ਦੀ ਸ਼ਿਫਾਰਸ਼ ਕਾਰਜਕਾਰੀ ਇੰਜੀਨੀਅਰ ਨੇ ਮਿਤੀ 16.12.2019 ਰਾਹੀਂ ਕੀਤੀ ਹੈ ਕਿ ਵਾਰਡ ਨੰ: 67 ਦੇ ਕੌਂਸਲਰ ਜੀ ਵਲੋਂ ਪੱਤਰ ਪ੍ਰਾਪਤ ਹੋਇਆ ਹੈ। ਜਿਸ ਵਿਚ ਕੌਂਸਲਰ ਸਾਹਿਬ ਵਲੋਂ ਪਾਰਕ ਵਿਚ ਕਮਰਾ ਬਣਾਉਣ ਦੀ ਮੰਗ ਕੀਤੀ ਹੈ। ਉਪਰੋਕਤ ਕੰਮ ਦੀ ਬਲਿਯੂਮੁਨ ਕੋ.ਅਪ ਸੋਸਾਇਟੀ ਨੂੰ ਵਰਕ ਆਰਡਰ ਨੰ: ਜੀ.33/ਸੀ.ਈ., ਬੀ.ਐਂਡ ਆਰ./64 ਮਿਤੀ 7.3.2019 ਰਾਹੀਂ ਕਰਨ ਨੂੰ ਦਿੱਤਾ ਗਿਆ ਸੀ। ਬੰਦਾ ਬਹਾਦੁਰ ਅਤੇ ਗੋਪਾਲ ਨਗਰ ਵਿਖੇ ਪਾਰਕਾਂ ਨੂੰ ਰਿਪੇਅਰ ਕਰਨ ਦਾ ਕੰਮ ਪ੍ਰਗਤੀ ਅਧੀਨ ਹੈ। ਇਹ ਫਾਇਲ 25% ਵਧਾਉਣ ਲਈ ਆਪ ਜੀ ਦੀ ਪ੍ਰਵਾਨਗੀ ਹਿਤ ਪੇਸ਼ ਹੈ। ਇਥੇ ਇਹ ਧਿਆਨ ਦੇਣ ਯੋਗ ਹੈ ਕਿ ਪਹਿਲਾਂ ਤਖਮੀਨਾ 9,26,000/- ਰੁਪਏ ਸੀ ਜ਼ੋ ਕਿ 25% ਅਮਾਉਂਟ ਨਾਲ ਵੱਧ ਕੇ 11.47 ਲੱਖ ਹੋ ਜਾਵੇਗਾ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਸ਼ਾਖਾ ਨੇ ਮਿਤੀ 17.12.2019 ਰਾਹੀਂ ਤਖਮੀਨੇ ਵਿਚ 25% ਵਾਧਾ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਪ੍ਰਵਾਨਗੀ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 19.12.2019 ਰਾਹੀਂ ਤਖਮੀਨੇ ਵਿਚ ਵਾਧਾ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-11**
ਵਿਸ਼ਾ:- ਪ੍ਰੋਵਾਇਡਿੰਗ ਐਂਡ ਲੇਇੰਗ ਸੀਵਰ ਇਨ ਜੈਨ ਕਲੌਨੀ । ਵਾਰਡ ਨੰ: 66 ਨਿਉ (ਈ-ਟੈਂਡਰ ਪ੍ਰਵਾਨਗੀ ਹਿੱਤ)

| | | | |
|---|---|---|---|
| ਤਖਮੀਨਾ | ਰੁਪਏ: 93,652/- | ਟੈਂਡਰ ਮੰਗੇ ਰੁਪਏ: 93,652/- | |
| ਕੁੱਲ ਪ੍ਰਾਪਤ ਵੈਲਿਡ ਟੈਂਡਰ | = 1 (ਤੀਸਰੀ ਬਾਰੀ) | | |
| ਟੈਂਡਰ ਅਮਾਉਂਟ | ਰੁਪਏ: 92,715/- | ਸੇਵਿੰਗ 1% | |
| ਅਜੰਸੀ ਦਾ ਨਾਮ:- | ਸ: ਸਵਰਨ ਸਿੰਘ ਠੇਕੇਦਾਰ | | |

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮ ਕਰਵਾਉਣ ਲਈ ਤਖਮੀਨਾ ਰੁਪਏ 93,652/- ਦੀ ਪ੍ਰਵਾਨਗੀ ਇਨਐਂਟੀਸਿਪੇਨ ਅਪਰੂਵਲ ਆਫ ਹਾਉਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.07.19 ਰਾਹੀਂ ਦਿੱਤੀ। ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 09.10.19 ਅਤੇ ਦੂਸਰੀ ਬਾਰੀ ਮਿਤੀ 25.10.19 ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਲੋੜੀਂਦੇ ਟੈਂਡਰ ਪ੍ਰਾਪਤ ਨਹੀ ਹੋਏ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਸੁਸਾਈਟੀਆਂ ਤੋ ਮਿਤੀ 18.11.19 ਅਤੇ ਠੇਕੇਦਾਰਾਂ ਕੋਲੋ ਮਿਤੀ 25.11.19 ਲਈ ਮੰਗੇ ਗਏ ਸਨ, ਉਪਰੋਕਤ ਠੇਕੇਦਾਰ ਦਾ ਸਿਰਫ ਇਕ ਟੈਂਡਰ ਪ੍ਰਾਪਤ ਹੋਇਆ, ਜਿਸ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਸੀ। ਇਸ ਲਈ ਇਸ ਦੀ ਵਿੱਤੀ ਬਿਡ ਖੋਲੀ ਗਈ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 1% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 93,652/- ਦੇ ਵਿਰੁੱਧ ਰੁਪਏ 92,715/- ਵਿੱਚ ਕਰੇਗੀ। ਕੀਤੇ ਗਏ ਕੰਮ ਦੀ ਅਦਾਇਗੀ ਐਮ.ਬੀ. ਵਿੱਚ ਕੀਤੇ ਗਏ ਇੰਦਰਾਜ ਅਨੁਸਾਰ ਮਾਨਯੋਗ ਕਮਿਸ਼ਨਰ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ ਜ਼ੋ ਕਿ ਕੰਮ ਦੀ ਮਿਨਤੀ ਅਨੁਸਾਰ ਵੱਧ-ਘੱਟ ਸਕਦੀ ਹੈ। ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 16.12.19 ਰਾਹੀਂ ਰਾਹੀਂ ਲਿਖਿਆ ਹੈ ਕਿ ਤਖਮੀਨੇ ਅਧੀਨ ਮੁਹੱਲਾ ਜੈਨ ਕਲੋਨੀ ਵਿਚ ਇਕ ਗਲੀ ਵਿਚ ਸੀਵਰ ਨਾ ਹੋਣ ਕਾਰਣ ਸੀਵਰ ਪਾਉਣ ਦੇ ਤਖਮੀਨੇ ਦੀ ਪ੍ਰਵਾਨਗੀ ਉਪਰੰਤ ਟੈਂਡਰ ਮੰਗੇ ਗਏ ਸਨ। ਕੰਮ ਘਟ ਰੇਟ ਵਾਲੀ ਫਰਮ ਸ. ਸਵਰਨ ਸਿੰਘ ਠੇਕੇਦਾਰ ਦੇ ਰੇਟ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.12.19 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ।
ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.1.2020

**ਮਤਾ ਨੰਬਰ:-12**

ਵਿਸ਼ਾ:- ਵਾਰਡ ਨੰ: 6 ਉਪਕਾਰ ਨਗਰ ਹੈਡ ਬੋਰ ਟਿਊਬਵੈਲ ਦੀ ਸਾਈਟ ਚੇਂਜ ਕਰਕੇ ਵਾਰਡ ਨੰ: 59, ਗੁਰੂ ਰਾਮਦਾਸ ਨਗਰ ਨਿਅਰ ਸੰਤੋਖਪੁਰਾ ਵਿਖੇ ਲਗਾਉਣ ਦੀ ਪ੍ਰਵਾਨਗੀ ਬਾਰੇ। ਨਵਾਂ ਵਾਰਡ ਨੰ: 59

ਤਖਮੀਨਾ ਰੁਪਏ: 10,81,599/-
ਟੈਂਡਰ ਮੰਗੇ ਰੁਪਏ: 10,31,599/-(ਬਿਜਲੀ ਕੁਨੈਕਸ਼ਨ ਦੇ ਰਾਖਵੇ ਰੁਪਏ 50,000/-)
ਟੈਂਡਰ ਅਮਾਉਂਟ ਰੁਪਏ: 10,26,441/- ਸੇਵਿੰਗ 0.50%
ਅਜੰਸੀ ਦਾ ਨਾਮ:- ਸੁਭਾਸ਼ ਸ਼ਰਮਾ ਗੋਰਮੈਂਟ ਕੰਟਰੈਕਟਰ
ਈ.ਪੀ.ਐਫ ਨੰ: LD JAL 35035 ESI No. 29000 63864 0000999

ਉਪਰੋਕਤ ਵਿਸ਼ੇ ਤੇ ਟਿਊਬਵੈਲ ਲਗਾਉਣ ਲਈ ਤਖਮੀਨਾ ਰੁਪਏ 10,81,599/- ਦੀ ਪ੍ਰਵਾਨਗੀ ਨਗਰ ਨਿਗਮ ਨੇ ਅਪਣੇ ਮਤਾ ਨੰ: 94(8) ਮਿਤੀ 25-06-18 ਰਾਹੀਂ ਦਿੱਤੀ ਸੀ। ਇਸ ਤਖਮੀਨੇ ਵਿੱਚੋ ਰੁਪਏ 50,000/- ਬਿਜਲੀ ਕੁਨੈਕਸ਼ਨ ਦੇ ਰਾਖਵੇ ਰੱਖ ਕੇ ਬਾਕੀ ਰੁਪਏ 10,31,599/- ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਐਨ.ਆਈ.ਟੀ ਨੰ: 8 ਮਿਤੀ 07.08.19 ਰਾਹੀਂ ਇਸ ਕੰਮ ਦੇ ਠੇਕੇਦਾਰਾਂ ਕੋਲੋਂ ਟੈਂਡਰ ਮਿਤੀ 09.09.19 ਰਾਹੀਂ ਮੰਗੇ ਗਏ, ਸਿਰਫ 3 ਟੈਂਡਰ ਪ੍ਰਾਪਤ ਹੋਏ, ਜਿਸ ਦੀ ਤਕਨੀਕੀ ਬਿਡ ਮਿਆਰ ਤੇ ਪੂਰੀ ਸੀ, ਜਿਸ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 155 ਮਿਤੀ 26.09.19 ਰਾਹੀਂ ਦਿੱਤੀ ਸੀ।

ਐਮ.ਐਲ.ਏ ਜਲੰਧਰ ਨਾਰਥ ਸ੍ਰੀ ਅਵਤਾਰ ਸ੍ਰੀ ਜੁਨੀਅਰ (ਹੈਨਰੀ) ਜੀ ਨੇ ਪੱਤਰ ਮਿਤੀ 17.12.19 ਰਾਹੀਂ ਮਾਨਯੋਗ ਮੇਅਰ ਜੀ ਨੂੰ ਲਿਖਿਆ ਹੈ ਕਿ **ਗੁਰੂ ਰਾਮਦਾਸ ਨਗਰ ਨਿਅਰ ਸੰਤੋਖਪੂਰਾ ਵਾਰਡ ਨੰ: 59** ਨਵਾਂ ਵਿਖੇ ਪੀਣ ਵਾਲੇ ਪਾਣੀ ਦੀ ਬਹੁਤ ਘਾਟ ਹੈ। ਇਸ ਲਈ ਹਾਲ ਦੀ ਘੜੀ **ਉਪਕਾਰ ਨਗਰ ਵਾਰਡ ਨੰ: 6 ਵਾਲਾ ਅਲਾਟ ਟਿਊਬਵੈਲ ਗੁਰੂ ਰਾਮਦਾਸ ਨਗਰ ਨਿਅਰ ਸੰਤੋਖਪੁਰਾ** ਵਿਖੇ ਲਗਵਾ ਦਿੱਤਾ ਜਾਵੇ ਤਾਂ ਜੋ ਇਲਾਕਾ ਨਿਵਾਸੀਆਂ ਨੂੰ ਪੀਣ ਵਾਲਾ ਪਾਣੀ ਮੁਹਇਆ ਹੋ ਸਕੇ। ਉਪਰੋਕਤ ਨੂੰ ਮੁੱਖ ਰੱਖਦੇ ਹੋਏ **ਉਪਕਾਰ ਨਗਰ ਵਾਲਾ ਅਲਾਟ ਟਿਊਬਵੈਲ ਗੁਰੂ ਰਾਮਦਾਸ ਨਗਰ ਨਿਅਰ ਸੰਤੋਖਪੁਰਾ ਵਿਖੇ ਲਗਾਉਣ ਲਈ ਸਾਈਟ ਚੇਂਜ ਕਰਨ ਦੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।** ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਨੇ ਮਿਤੀ 19.12.19 ਰਾਹੀਂ ਸਾਇਟ ਬਦਲੀ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਪਾਸੋਂ ਵਿਚਾਰਣ ਅਤੇ ਫੈਸਲੇ ਲਈ ਸਿਫਾਰਸ਼ ਕੀਤੀ ਹੈ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.12.19 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।ਇਹ ਵੀ ਫੈਸਲਾ ਹੋਇਆ ਕਿ ਜੇਕਰ ਠੇਕੇਦਾਰ/ਏਜੰਸੀ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
8.1.2020

ਮਤਾ ਨੰਬਰ:-13

ਵਿਸ਼ਾ:- ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਸੀਵਰੇਜ ਟ੍ਰੀਟਮੇਂਟ ਪਲਾਂਟ ਦੇ ਓਪਰੇਸ਼ਨ ਅਤੇ ਮੇਨਟੀਨੈਂਸ ਦੇ ਕੰਮ ਦੀ ਮਿਆਦ ਨੂੰ 4 ਮਹੀਨਿਆਂ ਲਈ ਵਧਾਉਣ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਦਸਿਆ ਜਾਂਦਾ ਹੈ ਕਿ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਸਾਲ 2014 ਵਿੱਚ ਬਸਤੀ ਪੀਰ ਦਾਦ ਵਿਖੇ SBR Technology ਦਾ ਸੀਵਰੇਜ਼ ਟ੍ਰੀਟਮੇਂਟ ਪਲਾਂਟ ਬਣਾਇਆ ਗਿਆ ਸੀ। ਇਸ ਪਲਾਂਟ ਦੀ ਓਪਰੇਸ਼ਨ ਮੇਨਟੀਨੈਂਸ ਦਾ ਕੰਮ 5 ਸਾਲਾਂ ਲਈ ਮਿਤੀ 01-09-2014 ਤੋਂ 31-08-2019 ਤੱਕ ਕੀਤਾ ਜਾਣਾ ਸੀ। ਪੰਜਾਬ ਸਰਕਾਰ ਦੀਆਂ ਹਦਾਇਤਾ ਅਨੁਸਾਰ ਮਿਤੀ 01-07-2016 ਨੂੰ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਪਲਾਂਟ ਬਣਾਉਣ ਅਤੇ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਕਰਨ ਵਾਲੀ ਅਜੰਸੀ M/s Gondwana Engineers Ltd. ਦਾ ਐਗਰੀਮੇਂਟ ਅਤੇ ਪਲਾਂਟ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਮਿਤੀ 31-08-2019 ਤੋਂ ਬਾਅਦ ਇਸ ਪਲਾਂਟ ਨੂੰ ਚਲਾਉਣ ਵਾਸਤੇ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਅਗਲੇ 5 ਸਾਲਾਂ ਦਾ ਤਖਮੀਨਾ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਨਿਗਰਾਨ ਇੰਜੀਨੀਅਰ ਦੇ ਪੱਤਰ ਨੰਬਰ 175/ਸੀ.ਈ/ਡਬਲਯੂ.ਐਸ/ਜੀ ਮਿਤੀ 22-03-2019 ਰਾਹੀਂ ਵੈਟ ਕਰਨ ਲਈ ਭੇਜਿਆ ਗਿਆ ਸੀ। ਇਸ ਉਪਰੰਤ ਮੁੜ ਇਸ ਦਫਤਰ ਵਲੋਂ ਆਪਣੇ ਪੱਤਰ ਨੰਬਰ 27/ਸੀ.ਈ/ਡਬਲਯੂ.ਐਸ/ਜੀ ਮਿਤੀ 03-06-2019 ਅਤੇ ਪੱਤਰ ਨੰਬਰ 69/ਸੀ.ਈ/ਡਬਲਯੂ.ਐਸ/ਜੀ ਮਿਤੀ 26-08-2019 ਰਾਹੀਂ ਇਸ ਤਖਮੀਨੇ ਨੂੰ ਵੈਟ ਕਰਨ ਵਾਸਤੇ ਬੇਨਤੀ ਕੀਤੀ ਗਈ। ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ (ਓ.ਐਂਡ.ਐਮ): 2019:38518 ਮਿਤੀ 30-08-2019 ਰਾਹੀਂ ਤਖਮੀਨੇ ਨੂੰ ਵੈਟ ਕਰਨ ਉਪਰੰਤ ਨਗਰ ਨਿਗਮ ਵਲੋਂ ਉਪਰੋਕਤ ਤਖਮੀਨੇ ਦੇ ਟੈਂਡਰ ਲਗਾਏ ਗਏ ਸਨ।ਨਵੇਂ ਤਖਮੀਨੇ ਦੇ ਟੈਂਡਰ ਤਿੰਨ ਵਾਰ ਮੰਗੇ ਗਏ ਜਿਸ ਵਿੱਚ ਕੋਈ ਵੀ ਬਿਡ ਪ੍ਰਾਪਤ ਨਹੀਂ ਹੋਈ ਅਤੇ ਚੋਥੀ ਵਾਰ ਟੈਂਡਰ ਲਗਾਉਣ ਉਪਰੰਤ ਇੱਕ ਬਿਡ ਪ੍ਰਾਪਤ ਹੋਈ ਹੈ, ਜਿਸ ਦੀ ਅਲਾਟਮੇਂਟ ਪ੍ਰੀਕ੍ਰਿਆ ਦਾ ਕੰਮ ਚੱਲ ਰਿਹਾ ਹੈ। ਇਸ ਤਖਮੀਨੇ ਦੀ ਤਕਨੀਕੀ ਵੈਟਿੰਗ ਵਿੱਚ ਦੇਰੀ ਹੋਣ ਕਾਰਨ ਅਤੇ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਸ ਸੀਵਰੇਜ਼ ਟ੍ਰੀਟਮੇਂਟ ਪਲਾਂਟ ਨੂੰ ਚਲਾਉਣਾ ਅਤਿ ਜਰੂਰੀ ਸੀ, ਇਸ ਲਈ ਇਸ ਦਫਤਰ ਵਲੋਂ ਆਪਣੇ ਪੱਤਰ ਨੰਬਰ ਸੀ.ਈ/143 ਮਿਤੀ 11-07-2019 ਰਾਹੀਂ M/s Gondwana Engineers Ltd. ਨੂੰ ਇਹ ਪਲਾਂਟ ਅਗਲੇ 6 ਮਹੀਨੇ ਚਲਾਉਣ ਲਈ Consent ਦੇਣ ਲਈ ਲਿਖਿਆ ਗਿਆ ਸੀ, ਜਿਸ ਉਪਰੰਤ ਅਜੰਸੀ ਵਲੋਂ ਆਪਣੇ ਪੱਤਰ ਨੰਬਰ GEL/19-20/120 ਅਤੇ GEL/19-20/125 ਮਿਤੀ 03-12-2019 ਰਾਹੀਂ ਇਸ ਪਲਾਂਟ ਨੂੰ ਚਲਾਉਣ ਲਈ ਸਹਿਮਤੀ ਦਿੱਤੀ ਗਈ। ਪਬਲਿਕ ਹਿੱਤ ਅਤੇ ਮਾਨਯੋਗ ਐਨ.ਜੀ.ਟੀ ਵਲੋਂ ਬਣਾਈ ਗਈ ਮੋਨੀਟਰਿੰਗ ਕਮੇਟੀ ਦੇ ਨਿਰਦੇਸ਼ਾ ਅਨੁਸਾਰ ਇਸ ਪਲਾਂਟ ਨੂੰ ਚਲਾਉਣਾ ਅਤਿ ਜਰੂਰੀ ਸੀ, ਇਸ ਲਈ ਨਵਾਂ ਤਖਮੀਨਾ ਪ੍ਰਵਾਨ ਹੋਣ ਤੱਕ ਇਸ ਐਸ.ਟੀ.ਪੀ ਨੂੰ M/s Gondwana Engineers Ltd. ਕੋਲੋਂ ਹੀ ਚਲਵਾਇਆ ਜਾ ਰਿਹਾ ਹੈ।

ਇਥੇ ਇਹ ਦਸਿਆ ਜਾਂਦਾ ਹੈ ਕਿ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਸਾਲ 2012 ਵਿੱਚ ਇਹ ਪਲਾਂਟ ਲਗਾਉਣ ਅਤੇ 5 ਸਾਲ ਦੀ ਓਪਰੇਸ਼ਨ ਮੇਨਟੀਨੈਂਸ ਕਰਨ ਲਈ ਰੁਪਏ 41.00 ਕਰੋੜ ਦੇ ਟੈਂਡਰ ਮੰਗੇ ਗਏ ਸਨ ਅਤੇ ਇਹ ਕੰਮ M/s Gondwana Engineers Ltd. ਨੂੰ ਰੁਪਏ 28.97 ਕਰੋੜ ਵਿੱਚ ਅਲਾਟ ਕੀਤਾ ਗਿਆ ਸੀ। ਇਸ ਕੰਮ ਵਿੱਚ ਰੁਪਏ 12.03 ਕਰੋੜ ਦੀ ਸੇਵਿੰਗ ਬਚਦੀ ਹੈ। ਇਸ ਲਈ ਇਸ ਪਲਾਂਟ ਨੂੰ ਨਵਾਂ ਕੰਮ ਅਲਾਟ ਹੋਣ ਤੱਕ ਪੁਰਾਣੀ ਅੰਜਸੀ M/s Gondwana Engineers Ltd. ਤੋਂ ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਮ ਬਚਦੀ ਸੇਵਿੰਗ ਵਿਚੋਂ ਕਰਵਾਉਣ ਲਈ ਕੇਸ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ। ਕਮਿ੍ਸ਼ਨਰ ਜੀ ਨੇ ਮਿਤੀ 30.12.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 2.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਫੈਸਲਾ ਹੋਇਆ ਕਿ ਕੰਮ ਦੀ ਮਿਆਦ ਪੰਜ ਮਹੀਨਿਆਂ ਲਈ ਹੋਰ ਵਧਾਉਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

ਮਤਾ ਨੰਬਰ:-14

ਵਿਸ਼ਾ:- ਬਸਤੀ ਪੀਰ ਦਾਦ ਵਿਖੇ 50 ਐਮ.ਐਲ.ਡੀ ਐਸ.ਟੀ.ਪੀ ਅਤੇ ਐਮ.ਪੀ.ਐਸ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਅਗਲੇ 5 ਸਾਲਾਂ ਵਾਸਤੇ ਕਰਵਾਉਣ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ।

ਤਖਮੀਨਾ ਰੁਪਏ 4,90,24,462/- ਟੈਂਡਰ ਮੰਗੇ ਰੁਪਏ 4,90,24,462/-
ਕੁੱਲ ਪ੍ਰਾਪਤ ਟੈਂਡਰ = 1 (ਚੌਥੀ ਵਾਰ)
ਟੈਂਡਰ ਅਮਾਉਂਟ ਰੁਪਏ 4,90,06,254/- (GST Extra) ਸੇਵਿੰਗ 0.1%
ਅਜੰਸੀ ਦਾ ਨਾਮ M/s ECOTECH Engineering Co.

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸ਼ਿਫਾਰਸ਼ ਕੀਤੀ ਹੈ ਕਿ ਵਿਸ਼ੇ ਅਧੀਨ 50 ਐਮ.ਐਲ.ਡੀ ਐਸ.ਟੀ.ਪੀ ਮਹਿਕਮਾਂ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਲੋਂ ਸਾਲ 2014 ਵਿੱਚ ਲਗਾਇਆ ਗਿਆ ਸੀ। ਇਸ ਉਪਰੰਤ ਪੰਜਾਬ ਸਰਕਾਰ ਦੀਆਂ ਹਦਾਇਤਾਂ ਨੂੰ ਮਦੇ ਨਜਰ ਰੱਖਦੇ ਹੋਏ ਮਿਤੀ 01.07.2016 ਨੂੰ ਇਹ ਟ੍ਰੀਟਮੇਂਟ ਪਲਾਂਟ ਨਗਰ ਨਿਗਮ ਜਲੰਧਰ ਨੂੰ ਹੈਂਡ ਓਵਰ ਕਰ ਦਿੱਤਾ ਗਿਆ ਸੀ। ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਕੰਟਰੈਕਟ 5 ਸਾਲਾਂ ਵਾਸਤੇ M/s Gondwana Eng. Nagpur ਨੂੰ ਦਿੱਤਾ ਗਿਆ ਸੀ ਜ਼ੋ ਕਿ ਮਿਤੀ 31.08.2019 ਨੂੰ ਖਤਮ ਹੋ ਗਿਆ ਸੀ। ਇਸ ਪਲਾਂਟ ਦੀ ਓਪਰੇਸ਼ਨ ਅਤੇ ਮੇਨਟੀਨੈਂਸ ਅਗਲੇ 5 ਸਾਲ ਲਈ ਕਰਵਾਉਣ ਵਾਸਤੇ ਮਾਰਚ 2019 ਨੂੰ ਤਖਮੀਨਾ ਰੁਪਏ 5.31 ਕਰੋੜ ਦਾ ਤਿਆਰ ਕਰਕੇ ਟੈਕਨੀਕਲ ਵੈਟਿੰਗ ਲਈ ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਨੂੰ ਇਸ ਦਫਤਰ ਦੇ ਪੱਤਰ ਨੰਬਰ 175/ਸੀ.ਈ/ਡਬਲਯੂ.ਐਸ/ਜੀ ਮਿਤੀ 22.03.2019 ਰਾਹੀਂ ਭੇਜਿਆ ਗਿਆ ਸੀ। ਇਸ ਉਪਰੰਤ ਮੁੜ ਇਸ ਦਫਤਰ ਵਲੋਂ ਆਪਣੇ ਪੱਤਰ ਨੰਬਰ 27/ਸੀ.ਈ/ਡਬਲਯੂ.ਐਸ/ਜੀ ਮਿਤੀ 03.06.2019 ਅਤੇ ਪੱਤਰ ਨੰਬਰ 69/ਸੀ.ਈ/ਡਬਲਯੂ.ਐਸ/ਜੀ ਮਿਤੀ 26.08.2019 ਰਾਹੀਂ ਇਸ ਤਖਮੀਨੇ ਨੂੰ ਵੈਟ ਕਰਨ ਵਾਸਤੇ ਬੇਨਤੀ ਕੀਤੀ ਗਈ। ਚੀਫ ਇੰਜੀਨੀਅਰ, ਸਥਾਨਕ ਸਰਕਾਰ ਜੀ ਵਲੋਂ ਆਪਣੇ ਪੱਤਰ ਨੰਬਰ ਸੀ.ਈ(ਓ.ਐਂਡ.ਐਮ): 2019:38518 ਮਿਤੀ 30.08.2019 ਰਾਹੀਂ ਨਗਰ ਨਿਗਮ ਵਲੋਂ ਭੇਜਿਆ ਗਿਆ ਤਖਮੀਨਾ ਰੁਪਏ 5.31 ਕਰੋੜ ਨੂੰ ਵੈਟ ਕਰਨ ਉਪਰੰਤ 5 ਸਾਲਾਂ ਲਈ ਓਪਰੇਸ਼ਨ ਅਤੇ ਮੇਨਟੀਨੈਂਸ ਦਾ ਤਖਮੀਨਾ ਰੁਪਏ 4,90,24,462/- ਦੀ ਪ੍ਰਵਾਨਗੀ ਦਿੱਤੀ ਗਈ। ਇਸ ਤਖਮੀਨੇ ਵਿੱਚ 4 ਸਬਹੈਡ ਬਣਾਏ ਗਏ ਹਨ, ਜਿਵੇਂ ਕਿ Establishment, Consumable, Maintenance & Miscellaneous item ਅਤੇ ਇਹ ਸਾਰੇ ਸਬਹੈਡ ਸਥਾਨਕ ਸਰਕਾਰ ਅਤੇ ਲੇਬਰ ਡਿਪਾਰਟਮੇਂਟ ਦੇ ਰੂਲਾਂ ਅਨੁਸਾਰ ਬਣਾਏ ਗਏ ਹਨ ਅਤੇ ਸਰਕਾਰ ਦੇ ਰੂਲਾਂ ਅਨੁਸਾਰ ਜੀ.ਐਸ.ਟੀ ਦੇਣਾ ਵੀ ਬਣਦਾ ਹੈ। ਚੀਫ ਇੰਜੀਨੀਅਰ ਸਥਾਨਕ ਸਰਕਾਰ ਜੀ ਵਲੋਂ ਵੈਟ ਕੀਤੇ ਗਏ ਤਖਮੀਨੇ ਰੁਪਏ 4,90,24,462/- ਦੀ ਪ੍ਰਵਾਨਗੀ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 15.09.2019 ਰਾਹੀਂ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਗਈ। ਇਸ ਉਪਰੰਤ ਨਗਰ ਨਿਗਮ ਵਲੋਂ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 13.09.2019, 09.10.2019 ਅਤੇ 24.10.2019 ਨੂੰ ਮੰਗੇ ਗਏ ਪਰੰਤੂ ਕੋਈ ਵੀ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਉਪਰੰਤ ਚੋਥੀ ਵਾਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 01.11.2019 ਨੂੰ ਟੈਂਡਰ ਮੰਗੇ ਗਏ ਅਤੇ ਸਿਰਫ ਇੱਕ ਟੈਂਡਰ M/s ECOTECH Engineering Co. ਦਾ ਪ੍ਰਾਪਤ ਹੋਇਆ। ਇਸ ਬਿਡ ਨੂੰ ਟੈਕਨੀਕਲ ਈਵੈਲੁਏਸ਼ਨ ਟੀਮ ਵਲੋਂ ਚੈਕ ਕਰਨ ਉਪਰੰਤ ਇਸ ਬਿਡ ਨੂੰ ਟੈਕਨੀਕਲੀ ਅਲੀਜੀਬਲ ਹੋਣ ਕਾਰਨ ਮਿਤੀ 29.11.2019 ਨੂੰ ਇਸ ਦੀ ਵਿੱਤੀ ਬਿਡ ਖੋਲੀ ਗਈ, ਜਿਸ ਵਿੱਚ ਉਪਰੋਕਤ ਫਰਮ ਵਲੋਂ ਤਖਮੀਨੇ ਦੀ ਰਕਮ ਤੇ 27% above ਦੇ ਰੇਟ ਕੋਡ ਕੀਤੇ ਗਏ। ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਵਲੋਂ ਆਪਣੇ ਪੱਤਰ ਨੰਬਰ ਐਸ.ਈ/147 ਮਿਤੀ 29.11.2019 ਰਾਹੀਂ ਉਪਰੋਕਤ ਅਜੰਸੀ ਤੋਂ ਕੋਡ ਕੀਤੇ ਵੱਧ ਰੇਟਾਂ ਬਾਰੇ ਜਸਟੀਫਿਕੇਸ਼ਨ ਮੰਗੀ ਗਈ। ਅਜੰਸੀ ਵਲੋਂ ਆਪਣੇ ਪੱਤਰ ਨੰਬਰ ETEC/50MCJ/04 ਮਿਤੀ 01.12.2019 ਰਾਹੀਂ ਜ਼ਸਟੀਫਿਕੇਸ਼ਨ ਦਿੱਤੀ ਗਈ। ਅਜੰਸੀ ਨਾਲ ਨਿਗਰਾਨ ਇੰਜੀਨੀਅਰ ਦੇ ਦਫਤਰ ਵਿੱਚ ਮਿਤੀ 06.12.2019 ਨੂੰ ਟੈਂਡਰ ਬਾਬਤ ਮੀਟਿੰਗ ਕੀਤੀ ਗਈ, ਜਿਸ ਉਪਰੰਤ ਅਜੰਸੀ ਵਲੋਂ ਆਪਣੇ ਪੱਤਰ ਨੰਬਰ ETEC/50MCJ/05 ਮਿਤੀ 08.12.2019 ਰਾਹੀਂ ਪਹਿਲਾਂ ਕੋਡ ਕੀਤੇ ਰੇਟਾਂ ਨੂੰ ਘਟਾ ਕੇ ਇਹ ਕੰਮ ਤਖਮੀਨੇ ਦੀ ਰਕਮ ਤੋਂ 11.2% ਵੱਧ ਤੇ ਕਰਨ ਦੀ ਸਹਿਮਤੀ ਦਿੱਤੀ ਗਈ। ਅਜੰਸੀ ਨਾਲ ਨਿਗਰਾਨ ਇੰਜੀਨੀਅਰ ਦੇ ਦਫਤਰ ਵਿੱਚ ਮਿਤੀ 12.12.2019 ਨੂੰ ਟੈਂਡਰ ਵਿੱਚ ਕੋਡ ਕੀਤੇ ਰੇਟਾਂ ਨੂੰ ਘਟਾਉਣ ਬਾਬਤ ਮੀਟਿੰਗ ਕੀਤੀ ਗਈ, ਜਿਸ ਉਪਰੰਤ ਅਜੰਸੀ ਵਲੋਂ ਆਪਣੇ ਪੱਤਰ ਨੰਬਰ ETEC/50MCJ/06 ਮਿਤੀ 16.12.2019 ਰਾਹੀਂ ਇਹ ਕੰਮ ਤਖਮੀਨੇ ਦੀ ਰਕਮ ਰੁਪਏ 4,90,24,462/- (GST Extra) ਤੇ ਕਰਨ ਦੀ ਸਹਿਮਤੀ ਦਿੱਤੀ ਗਈ। ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 92 ਮਿਤੀ 29.11.2019 ਰਾਹੀਂ ਇਸ ਤਖਮੀਨੇ ਦੀ ਪ੍ਰਵਾਨਗੀ ਦਿੱਤੀ ਗਈ ਹੈ।

ਇਹ ਤਖਮੀਨਾ ਰੁਪਏ 50.00 ਲੱਖ ਤੋਂ ਵੱਧ ਹੋਣ ਕਾਰਨ ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਵਲੋਂ ਆਪਣੇ ਪੱਤਰ ਨੰਬਰ 163/ਸੀ.ਈ/ਡਬਲਯੂ.ਐਸ/ਜੀ ਮਿਤੀ 16.12.2019 ਰਾਹੀਂ ਇਸ ਟੈਂਡਰ ਦੀ ਵਿੱਤੀ ਪ੍ਰਵਾਨਗੀ ਲੈਣ ਲਈ ਚੀਫ ਇਜੀਨੀਅਰ, ਸਥਾਨਕ ਸਰਕਾਰ ਜੀ ਨੂੰ ਲਿਖਿਆ ਗਿਆ ਸੀ, ਜਿਸ ਦੀ ਪ੍ਰਵਾਨਗੀ ਚੀਫ ਇਜੀਨੀਅਰ ਜੀ ਵਲੋਂ ਆਪਣੇ ਪੱਤਰ ਮੀਮੋ ਨੰਬਰ ਸੀ.ਈ:2019:11078 ਮਿਤੀ 23.12.2019 ਰਾਹੀਂ 0.1% ਸੇਵਿੰਗ ਤੇ ਰੁਪਏ 4,90,06,254/- ਦਿੱਤੀ ਗਈ। ਇਸ ਲਈ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਰੱਖਣ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਕਮਿ੍ਸਨਰ ਜੀ ਨੇ ਮਿਤੀ 30.12.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 2.1.2020 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-15**

ਵਿਸ਼ਾ:- ਰਿਪਲੇਸਮੇਂਟ ਆਫ ਸੀਵਰ ਲਾਈਨ ਇਨ ਗੱਲੀ ਨੰਬਰ 1,2 ਅਤੇ 3 ਆਬਾਦਪੂਰਾ ਵਾਰਡ ਨੰ 32 (ਟੈਂਡਰ ਪ੍ਰਵਾਨਗੀ ਸਬੰਧੀ )

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ੳ.ਐਂਡ ਐਮ.) ਜਿਸ ਨਾਲ ਨਿਗਰਾਨ ਇੰਜੀਨੀਅਰ (ੳ.ਐਂਡ ਐਮ.) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਕੰਮ ਲਈ ਤਖਮੀਨਾ ੳ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਅਤੇ ਇਸ ਕੰਮ ਲਈ ਟੈਂਡਰ ਪ੍ਰਾਪਤ ਹੋਣ ਉਪਰੰਤ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਰਖਿਆ ਗਿਆ। ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 211 ਮਿਤੀ 20.12.2019 ਰਾਹੀਂ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਕਿ:-

ਵਿਚਾਰਨ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਇਹ ਵੀ ਫੈਸਲਾ ਹੋਇਆ ਕਿ ਕਾਰਜਕਾਰੀ ਇੰਜੀਨੀਅਰ (ੳ.ਐਂਡ.ਐਮ) ਖੁਦ ਮੋਕਾ ਦੇਖ ਕੇ ਪੂਰੀ ਰਿਪੋਰਟ ਕਮੇਟੀ ਨੂੰ ਪੇਸ਼ ਕਰਨਗੇ।

ਉਪਰੋਕਤ ਫੈਸਲੇ ਦੇ ਸਬੰਧ ਵਿੱਚ ਵਾਰਡ ਨੰਬਰ 32 ਆਬਾਦਪੂਰਾ ਵਿਖੇ ਗੱਲੀ ਨੰਬਰ 1,2,3 ਦਾ ਮੋਕਾ ਜ਼ੋਨ ਨੰਬਰ 4 ਦੇ ਸਹਾਇਕ ਇੰਜੀਨੀਅਰ ਵਲੋਂ ਵਾਰਡ ਕੌਂਸਲਰ ਜੀ ਦੀ ਮੋਜੂਦਗੀ ਵਿੱਚ ਦਿਖਾਇਆ ਗਿਆ।ਇਸ ਬਾਬਤ ਦਸਿਆ ਜਾਂਦਾ ਹੈ ਕਿ ਇਨ੍ਹਾਂ ਗੱਲੀਆਂ ਵਿੱਚ ਅੰਡਰ ਸਾਇਜ ਦਾ ਸੀਵਰ ਪਿਆ ਹੋਇਆ ਹੈ ਅਤੇ ਇਹ ਸੀਵਰ ਬਾਰ-ਬਾਰ ਬੰਦ ਹੋਣ ਕਾਰਨ ਕਈ ਜਗ੍ਹਾ ਤੋਂ ਪੱਟ-ਪੱਟ ਕੇ ਇਸ ਨੂੰ ਚਲਾਇਆ ਜਾ ਰਿਹਾ ਹੈ।ਇਹ ਸੀਵਰ ਕਾਫੀ ਜਗ੍ਹਾ ਤੋਂ ਡੈਮੇਜ਼ ਹੋ ਚੁੱਕਾ ਹੈ, ਜਿਸ ਕਾਰਨ ਇਨ੍ਹਾਂ ਗੱਲੀਆਂ ਵਿੱਚ ਸੀਵਰੇਜ਼ ਦੀ ਸਮਸਿਆ ਆ ਰਹੀ ਹੈ। ਇਸ ਲਈ ਇਸ ਸਮਸਿਆ ਦੇ ਹੱਲ ਵਾਸਤੇ ਇਥੇ ਸੀਵਰ ਲਾਈਨ ਪਾਉਣਾ ਅਤਿ ਜਰੂਰੀ ਹੈ ਜੀ। ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 2.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

ਮਤਾ ਨੰਬਰ:-16

ਵਿਸ਼ਾ:- ਓ.ਐਂਡ.ਐਮ ਸ਼ਾਖਾ ਦੇ ਟਿਉਬਵੈਲਾਂ ਨਾਲ ਸਬੰਧਤ ਟੈਂਡਰ ਪ੍ਰਵਾਨ ਕਰਨ ਸਬੰਧੀ।

| S. No | W. No. | Name of work | Tender Calling Amount | Name of Agency | Saving | Tender Amt. Rs. | House Reso No. | Tender called (No. of times) | No. of bids received |
|---|---|---|---|---|---|---|---|---|---|
| 1 | 61 | Installation of Deep Hand Bore Tubewell at Aman Nagar Replacement | 1171599/- | ਸ੍ਰੀ ਸੁਭਾਸ਼ ਸ਼ਰਮਾ | 0.50% | 1165741/- | Anti | 3 | 1 |
| 2 | 50 | Installation of Deep Hand Bore Tubewell at Pucca Bagh | 1156599/- | ਸ੍ਰੀ ਸੁਭਾਸ਼ ਸ਼ਰਮਾ | 0.50% | 1150816/- | Anti | 3 | 1 |
| 3 | 51 | Installation of Deep Hand Bore Tubewell at Ali Mohalla (nickel polish wali gali) | 1051599/- | ਸ੍ਰੀ ਸੁਭਾਸ਼ ਸ਼ਰਮਾ | 0.50% | 1046341/- | Anti | 3 | 1 |
| 4 | 18 | Installation of Deep Hand Bore Tubewell at Rishi Nagar [Anti] | 1129302/- | ਸ੍ਰੀ ਸੁਭਾਸ਼ ਸ਼ਰਮਾ | 0.50% | 1123655/- | Anti | 3 | 1 |

ਪੜ੍ਹਿਆ ਨੋਟ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਵਿਸ਼ੇ ਅਧੀਨ ਵੱਖ-ਵੱਖ ਇਲਾਕਿਆਂ ਵਿੱਚ ਨਵੇਂ/ ਰਿਪਲੇਸਮੇਂਟ ਦੇ ਲਗਾਏ ਜਾਣ ਵਾਲੇ ਟਿਊਬਵੈਲਾਂ ਦੇ ਤਖਮੀਨੇ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤੇ ਗਏ ਸਨ, ਜਿਨ੍ਹਾਂ ਦੇ ਟੈਂਡਰ ਪ੍ਰਾਪਤ ਹੋਣ ਉਪਰੰਤ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਰਖੇ ਗਏ ਸਨ। ਵਿੱਤ ਅਤੇ ਠੇਕਾ ਕਮੇਟੀ ਵਲੋਂ ਆਪਣੇ ਮਤਾ ਨੰਬਰ 208 ਮਿਤੀ 20.12.2019 ਰਾਹੀਂ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਕਿ:-

ਵਿਚਾਰ ਵਟਾਂਦਰੇ ਦੋਰਾਨ ਕਮੇਟੀ ਨੇ ਹਦਾਇਤ ਕੀਤੀ ਕਿ 30 ਸਾਲ ਪਹਿਲਾਂ ਸ਼ਹਿਰ ਦੀ ਕਿੰਨੀ ਆਬਾਦੀ ਸੀ, ਕਿੰਨੇ ਟਿਊਬਵੈਲ ਲਗੇ ਸਨ। ਉਸ ਉਪਰੰਤ ਹੁਣ ਤੱਕ ਕਿੰਨੀ ਆਬਾਦੀ ਵੱਧ ਚੁੱਕੀ ਹੈ ਅਤੇ ਕਿੰਨੇ ਟਿਊਬਵੈਲ ਲੱਗ ਚੁੱਕੇ ਹਨ ਅਤੇ ਟਿਊਬਵੈਲਾਂ ਨੂੰ ਲਗਾਉਣ ਦਾ ਕੀ Criteria ਹੈ, ਕਮੇਟੀ ਨੂੰ ਅਗਲੀ ਮੀਟਿੰਗ ਵਿੱਚ ਦਸਿਆ ਜਾਵੇ। ਫੈਸਲਾ ਹੋਇਆ ਕਿ ਮਤੇ ਵਿੱਚ ਦਰਜ ਲੜੀ ਨੰਬਰ 1 ਸਬੰਧੀ ਜੇਕਰ ਠੇਕੇਦਾਰ/ ਏਜੰਸੀ 1% ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ਅਤੇ ਬਾਕੀ ਦੇ ਟੈਂਡਰਾਂ ਨੂੰ ਹਾਲ ਦੀ ਘੜੀ ਲੰਬਿਤ ਰਖਿਆ ਜਾਂਦਾ ਹੈ।

ਉਪਰੋਕਤ ਫੈਸਲੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਜਲੰਧਰ ਸ਼ਹਿਰ ਵਿੱਚ 30 ਸਾਲ ਪਹਿਲਾਂ ਤਕਰੀਬਨ 5 ਲੱਖ ਆਬਾਦੀ ਸੀ ਅਤੇ ਉਸ ਵਕਤ ਤਕਰੀਬਨ 125 ਟਿਊਬਵੈਲ ਸ਼ਹਿਰ ਵਿੱਚ ਲਗੇ ਹੋਏ ਸਨ। ਹੁਣ ਇਸ ਵਕਤ ਜਲੰਧਰ ਸ਼ਹਿਰ ਦੀ ਅਬਾਦੀ ਤਕਰੀਬਨ 11 ਲੱਖ ਹੈ ਅਤੇ ਇਸ ਵਕਤ ਤਕਰੀਬਨ 523 ਟਿਊਬਵੈਲ ਸ਼ਹਿਰ ਵਿੱਚ ਚੱਲ ਰਹੇ ਹਨ। ਇਥੇ ਇਹ ਦਸਿਆ ਜਾਂਦਾ ਹੈ ਕਿ ਇਸ ਵਕਤ ਧਰਤੀ ਦੇ ਹੇਠਾ ਪਾਣੀ ਦੀ ਲੈਵਲ ਕਾਫੀ ਡਾਊਨ ਹੋ ਗਿਆ ਹੈ, ਜਿਸ ਕਾਰਨ ਹੁਣ ਘੱਟ ਡਿਸਚਾਰਜ ਦੇ ਟਿਊਬਵੈਲ ਲਗਾਏ ਜਾਂਦੇ ਹਨ। ਇਸ ਕਾਰਨ ਟਿਊਬਵੈਲਾਂ ਦੀ ਤਾਦਾਦ ਵੱਧ ਗਈ ਹੈ। ਉਪਰੋਕਤ ਤਿੰਨ ਟਿਊਬਵੈਲਾਂ ਵਿਚੋਂ ਦੋ ਟਿਊਬਵੈਲ ਪਹਿਲਾਂ ਫੇਲ ਹੋਏ ਟਿਊਬਵੈਲਾਂ ਦੀ ਜਗ੍ਹਾ ਤੇ ਲਗਾਏ ਜਾਣੇ ਹਨ। ਰਿਪੋਰਟ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 2.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਫੈਸਲਾ ਹੋਇਆ ਕਿ ਮਤੇ ਵਿੱਚ ਦਰਜ ਲੜੀ ਨੰ: 2 ਤੋਂ 4 ਤੱਕ ਦੇ ਟੈਂਡਰਾਂ ਸਬੰਧੀ ਜੇਕਰ ਠੇਕੇਦਾਰ/ਏਜੰਸੀ 1% (ਇੱਕ ਪ੍ਰਤੀਸ਼ਤ) ਸੇਵਿੰਗ ਲਈ ਸਹਿਮਤ ਹੋਵੇ ਤਾਂ ਇਹ ਟੈਂਡਰ ਪ੍ਰਵਾਨ ਕੀਤਾ ਜਾਂਦਾ ਹੈ ਨਹੀਂ ਤਾਂ ਇਸ ਕੰਮ ਦੇ ਦੁਬਾਰਾ ਟੈਂਡਰ ਮੰਗੇ ਜਾਣ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

**ਮਤਾ ਨੰਬਰ:-17**

ਵਿਸ਼ਾ:- ਸਟਰੀਟ ਲਾਇਟ ਸ਼ਾਖਾ ਦੇ ਟੈਂਡਰ ਪ੍ਰਵਾਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼ਹਿਰ ਦੇ ਵੱਖ-ਵੱਖ ਇਲਾਕੀਆਂ ਵਿੱਚ ਨਵੇਂ/ਰਿਪਲੇਸਮੈਂਟ ਦੇ ਲਗਾਏ ਜਾਣ ਵਾਲੇ ਸਟਰੀਟ ਲਾਇਟ ਦੇ ਤਖਮੀਨੇ ਲਾਇਟ ਸ਼ਾਖਾ ਵੱਲੋਂ ਤਿਆਰ ਕੀਤੇ ਗਏ ਸਨ, ਜਿਹਨਾ ਦੇ ਟੈਂਡਰ ਪ੍ਰਾਪਤ ਕੀਤੇ ਜਾ ਚੁਕੇ ਹਨ। ਜਿਨ੍ਹਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| Sr. No | W.No | Name of work | Tender Calling Amount | Name of Agency | Saving | Tender Amt. Rs. | House Reso No. | Tender Called (No. of times) | No. of bids received |
|---|---|---|---|---|---|---|---|---|---|
| 1 | G | Proving and Installation of New LED Street Light Points Infrastructure at National Highway 1 From Amritsar road Canal to Bhagat Singh Colony Canal side, Zone-2 | 86,200/- | ਮੈਸਰਜ਼ ਜਗਦੀਸ਼ ਇਲੈਕਟ੍ਰਿਕ ਵਰਕਸ | 0.31% | 85,932/- | Anti | 4 | 1 |
| 2 | G | Providing and Installation of New LED Street Light Points Infrastructure from Janta Coloni Main rd. to Aman Nagar rd (widhipur) Zone 2 | 1,55,200/- | ਮੈਸਰਜ਼ ਜਗਦੀਸ਼ ਇਲੈਕਟ੍ਰਿਕ ਵਰਕਸ | 0.31% | 1,54,718/- | Anti | 4 | 1 |

ਪੜ੍ਹਿਆ ਨੋਟ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਕਿ ਉਪਰੋਕਤ ਕੰਮਾਂ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 216 ਮਿਤੀ 20.12.19 ਰਾਹੀਂ ਇਹ ਮੱਦ ਲੰਬਿਤ ਰੱਖੀ ਗਈ। ਇਸ ਬਾਰੇ ਆਪ ਜੀ ਨੂੰ ਦਸਣਯੋਗ ਹੈ ਕਿ ਉਪਰੋਕਤ ਦਰਸ਼ਾਏ ਇਲਾਕੀਆਂ ਵਿੱਚ ਨਾਰਥ ਹਲਕੇ ਦੇ ਮਾਨਯੋਗ ਐਮ.ਐਲ.ਏ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਵੱਲੋਂ ਇੰਫਰਾਸਟ੍ਰਕਚਰ ਆਫ ਸਟਰੀਟ ਲਾਇਟ ਲਗਾਉਣ ਦੇ ਜੁਬਾਨੀ ਹੁਕਮ ਦਿੱਤੇ ਗਏ ਸਨ। ਇਹਨਾ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਟਰੀਟ ਲਾਇਟ ਲਗਾਉਣ ਵਾਸਤੇ ਇੰਫਰਾਸਟ੍ਰਕਚਰ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਨਗਰ ਨਿਗਮ ਵੱਲੋਂ ਤਖਮੀਨੇ ਵਿੱਚ ਪੋਲ ਲਗਾਉਣ, ਤਾਰ, ਪੋਲ ਬਰੈਕਟ, ਸਵਿੱਚ, ਅਰਥਿੰਗ ਆਦਿ ਦਾ ਉਪਬੰਧ ਕੀਤਾ ਗਿਆ ਸੀ, ਪਰ ਇਸ ਤਖਮੀਨੇ ਵਿੱਚ ਇਹਨਾ ਸਾਈਟਾਂ ਤੇ ਪੋਲ ਲਗਾਉਣ ਵਾਸਤੇ ਠੇਕੇਦਾਰ ਨੂੰ ਨਗਰ ਨਿਗਮ ਵੱਲੋਂ ਅਪਣੇ ਪੱਧਰ ਤੇ ਸਟਰੀਟ ਲਾਇਟ ਦੇ ਸਟੋਰ ਤੋ ਪੋਲ ਜਾਰੀ ਕਰਵਾਏ ਜਾਣੇ ਹਨ।ਇਹ ਮੱਦ ਮੁੜ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਸਨਮੁੱਖ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 1.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

ਮਤਾ ਨੰਬਰ:-18

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸਕੈਂਡਰੀ ਡੰਪਾ ਤੋ ਕੂੜਾ ਚੁਕਣ ਲਈ 6 ਟਿੱਪਰ ਅਤੇ 2 ਜੇ.ਸੀ.ਬੀ ਮਸ਼ੀਨਾਂ ਟਿਪਿੰਗ ਫੀਸ ਰਾਹੀਂ 6 ਮਹੀਨੇ ਲਈ ਕਿਰਾਏ ਤੇ ਲੈਣ ਬਾਰੇ। ਈ-ਟੈਂਡਰ ਪ੍ਰਵਾਨਗੀ ਹਿੱਤ

ਤਖਮੀਨਾ ਰੁਪਏ 91,62,720/- ਅਜੰਸੀ ਦਾ ਨਾਮ:- ਸਿੰਘ ਅਰਥ ਮੁਵਰਜ ਸੇਵਿੰਗ 26.19%

ਪੜਿਆ ਨੋਟ ਸਿਹਤ ਅਫ਼ਸਰ ਜਿਸ ਨਾਲ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਸਿਫਾਰਸ਼ ਕੀਤੀ ਹੈ ਕਿ ਸਹਾਇਕ ਸਿਹਤ ਅਫਸਰ ਵੱਲੋਂ ਸਕੈਂਡਰੀ ਡੰਪਾ ਤੋ ਕੂੜਾ ਚੁਕਣ ਲਈ 6 ਟਿੱਪਰ ਅਤੇ 2 ਜੇ.ਸੀ.ਬੀ ਮਸ਼ੀਨਾਂ ਟਿਪਿੰਗ ਫੀਸ ਰਾਹੀਂ 6 ਮਹੀਨੇ ਲਈ ਕਿਰਾਏ ਤੇ ਲੈਣ ਵਾਸਤੇ ਰੁਪਏ 91,62,720/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ। ਇਸ ਤਖਮੀਨੇ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 15.10.19 ਰਾਹੀਂ ਦਿੱਤੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 21.11.19 ਲਈ ਮੰਗੇ ਗਏ ਸਨ। ਸਿਰਫ ਇਕ ਹੀ ਟੈਂਡਰ ਪ੍ਰਾਪਤ ਹੋਇਆ, ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ।

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮਿਤੀ 06.12.19 ਲਈ ਮੰਗੇ ਗਏ ਸਨ। ਇਸ ਕੰਮ ਲਈ ਕੁੱਲ 3 ਤਕਨੀਕੀ ਬਿਡਾਂ ਪ੍ਰਾਪਤ ਹੋਇਆਂ। ਇਹਨਾ ਟੈਂਡਰਾਂ ਦੀ ਤਕਨੀਕੀ ਬਿਡਾਂ ਨੂੰ ਇਵੈਲੁਏਸ਼ਨ ਟੀਮ ਵੱਲੋਂ ਚੈਕ ਕਰਨ ਉਪਰੰਤ ਮੈਸਰਜ Alliance Waste Management Ludhiana ਅਤੇ ਮੈਸਰਜ਼ Ludhiana Construction Company ਦੇ ਪ੍ਰੋਪਰਾਈਟਰ ਨੇ ਇਕ ਟੈਂਡਰ ਅਪਣੇ ਨਾਮ ਤੇ ਅਤੇ ਦੂਸਰਾ ਟੈਂਡਰ ਅਪਣੇ ਪਾਟਨਰ ਦੇ ਨਾਮ ਤੇ ਹਿੱਸਾ ਲਿਆ ਸੀ, ਜਿਸ ਕਾਰਨ ਇਵੈਲੁਏਸ਼ਨ ਟੀਮ ਵੱਲੋਂ ਇਸ ਦੀ ਤਕਨੀਕੀ ਬਿਡ ਨੂੰ ਮਿਆਰ ਪੱਖੋ ਪੂਰਾ ਨਾ ਕਰਦੇ ਹੋਏ ਇਸ ਟੈਂਡਰ ਨੂੰ ਰੱਦ ਕਰਨ ਦੀ ਸਿਫਾਰਿਸ਼ ਕੀਤੀ ਅਤੇ ਨਿਗਰਾਨ ਇੰਜੀਨੀਅਰ ਵੱਲੋਂ ਮਿਤੀ 12.12.19 ਰਾਹੀਂ ਇਸ ਟੈਂਡਰ ਰੱਦ ਕਰਕੇ ਰਿ-ਕਾਲ ਕਰਨ ਦੇ ਹੁਕ ਜਾਰੀ ਕੀਤੇ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਮਿਤੀ 26.12.19 ਰਾਹੀਂ ਲਈ ਮੰਗੇ ਗਏ ਸਨ। ਇਸ ਕੰਮ ਲਈ ਕੁੱਲ 3 ਤਕਨੀਕੀ ਬਿਡਾਂ ਪ੍ਰਾਪਤ ਹੋਇਆਂ, ਜਿਸ ਦੀ ਤਕਨੀਕੀ ਬਿਡਾਂ ਮਿਆਰ ਪਖੋਂ ਪੂਰੀਆਂ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਠੇਕੇਦਾਰ 26.19% ਦੀ ਸੇਵਿੰਗ ਨਾਲ ਇਹ ਕੰਮ ਤਖਮੀਨਾ ਰੁਪਏ 91,62,720/- ਦੇ ਵਿਰੁੱਧ ਰੁਪਏ 67,63,003/- ਵਿੱਚ ਕਰੇਗੀ।

ਇਸ ਨੂੰ ਮੁੱਖ ਰੱਖਦੇ ਹੋਏ ਉਕਤ ਦੇ ਮੱਦੇਨਜਰ 26.19% ਰੇਟਾਂ ਤੇ ਕੰਮ ਕਰਵਾਉਣ ਦੀ ਪ੍ਰਵਾਨਗੀ ਲਈ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। । ਕਮਿਸ਼ਨਰ ਜੀ ਨੇ ਮਿਤੀ 1.1.2020 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ ਮਿਤੀ 2.1.2020 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020

ਮਤਾ ਨੰਬਰ:-19

ਵਿਸ਼ਾ:- ਸ਼ਹਿਰ ਦੀ ਸਫਾਈ ਅਤੇ ਸੋਲਿਡ ਵੇਸਟ ਮੈਨੇਜਮੈਂਟ ਲਈ ਅਸੈਂਬਲੀ ਹਲਕਾ ਜਲੰਧਰ ਵਾਇਜ ਟਰੈਕਟਰ ਟਰਾਲੀਆਂ ਅਤੇ ਹਰੇਕ ਟਰਾਲੀ ਵਾਸਤੇ ਲੇਬਰ ਦੇ 2 ਕਰਮਚਾਰੀ ਅਨਸਕਿਲਡ, ਡਰਾਇਵਰ ਅਤੇ ਡੀਜਲ ਹਾਇਰ ਕਰਨ ਦੇ ਟੈਂਡਰ ਪ੍ਰਵਾਨਗੀ ਸਬੰਧੀ। ਈ-ਟੈਂਡਰ ਪ੍ਰਵਾਨਗੀ ਹਿੱਤ।

| | |
|---|---|
| ਵਿਧਾਨ ਸਭਾ ਹਲਕਾ ਸੈਂਟਰਲ ਦਾ ਤਖਮੀਨਾ | 67,35,456/- |
| ਵਿਧਾਨ ਸਭਾ ਹਲਕਾ ਨਾਰਥ ਦਾ ਤਖਮੀਨਾ | 57,73,248/- |
| ਵਿਧਾਨ ਸਭਾ ਹਲਕਾ ਵੈਸਟ ਦਾ ਤਖਮੀਨਾ | 57,73,248/- |
| ਵਿਧਾਨ ਸਭਾ ਹਲਕਾ ਕੈਂਟ ਦਾ ਤਖਮੀਨਾ | 48,11,040/- |

**ਹਵਾਲਾ:- ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰਬਰ:-205 ਮਿਤੀ 6.12.2019 ਦੇ ਸਬੰਧ ਵਿਚ।**

ਨਗਰ ਨਿਗਮ ਅਧੀਨ 4 ਅਸੈਂਬਲੀ ਹਲਕਿਆਂ ਵਿੱਚ ਸ਼ਹਿਰ ਦੀ ਸਫਾਈ ਅਤੇ ਸੋਲਿਡ ਵੇਸਟ ਦੀ ਮੈਨੇਜਮੈਂਟ ਲਈ ਅਸੈਂਬਲੀ ਹਲਕਾ ਨਾਰਥ ਅਤੇ ਵੈਸਟ ਵਾਸਤੇ 6-6 ਟਰੈਕਟਰ ਟਰਾਲੀਆਂ ਅਤੇ ਅਸੈਂਬਲੀ ਹਲਕਾ ਕੈਂਟ ਵਾਸਤੇ 5 ਟਰੈਕਟਰ ਟਰਾਲੀਆਂ ਅਤੇ ਸੈਂਟਰਲ ਵਾਸਤੇ 7 ਹਰੇਕ ਟਰਾਲੀ ਵਾਸਤੇ 2 ਲੇਬਰ ਦੇ ਕਰਮਚਾਰੀ ਹਾਇਰ ਕਰਨ ਦੇ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਜਲੰਧਰ ਦੇ ਮਾਨਯੋਗ ਮੇਅਰ ਜੀ ਵੱਲੋਂ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਮਿਤੀ 18.08.19 ਅਤੇ 20.08.19 ਰਾਹੀਂ ਦਿੱਤੀ। ਇਹਨਾ ਕੰਮਾਂ ਲਈ ਵਿਸਤਾਰ ਪੂਰਵਕ NIT ਤਿਆਰ ਕਰਕੇ ਟੈਂਡਰ ਪਹਿਲੀ ਬਾਰੀ ਅਖਬਾਰਾਂ ਅਤੇ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 30.09.19 ਲਈ ਮੰਗੇ ਗਏ, ਪਰੰਤੂ ਵੈਸਟ ਹਲਕੇ ਦੇ 2 ਟੈਂਡਰ ਪ੍ਰਾਪਤ ਹੋਏ, ਨਾਰਥ ਅਤੇ ਸੈਂਟਰਲ ਹਲਕੇ ਵਿੱਚ 1-1 ਟੈਂਡਰ ਪ੍ਰਾਪਤ ਹੋਇਆ, ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ ਅਤੇ ਕੈਂਟ ਹਲਕੇ ਵਿੱਚ 3 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਗੋਰਵ ਗੁਪਤਾ ਅਤੇ ਗੁਰੂ ਨਾਨਕ ਕੋ-ਆਪ ਸੁਸਾਈਟੀ ਦੀਆਂ ਬਿਡਾਂ ਮਿਆਰ ਪਖੋ ਪੂਰੀਆਂ ਨਾ ਹੋਣ ਕਾਰਨ ਇਹਨਾਂ ਦੇ ਟੈਂਡਰ ਨੂੰ ਵੀ ਰੱਦ ਕਰਕੇ ਰੀ-ਕਾਲ ਕਰਨ ਦੇ ਹੁਕਮ ਕੀਤੇ ਗਏ, ਜਿਹਨਾ ਦੀ ਤਕਨੀਕੀ ਬਿਡਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਪਹਿਲਾ ਬਾਰੀ ਪ੍ਰਾਪਤ ਟੈਂਡਰ | | | | | |
|---|---|---|---|---|---|
| Sr.no | Name of work | Est.Amt | No of Bids Receive | Name of Agency | Remarks |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In West Constituency | 5773248 | 2 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 2 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 3 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Central Constituency | 6735456 | 1 | | ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |
| 4 | Supply of 5 No of Tractorwith Trolies with GPS System (Hydraulic type) on Hiring Basis with Driver, Diesel with Two unskiled labour in Health Branch in Cantt Constituency | 4811040 | 3 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ, (ਟੈਕਨੀਕਲ ਨਾਟ-ਅਲੀਜੀਬਲ)<br>ਗੁਰੂ ਨਾਨਕ ਪੂਰਾ ਕੋ-ਆਪ ਸੁਸਾਈਟੀ (ਟੈਕਨੀਕਲ ਨਾਟ-ਅਲੀਜੀਬਲ) | ਕੇਵਲ 1 ਅਜੰਸੀ ਦੀ ਤਕਨੀਕੀ ਬਿਡ ਪੂਰੀ ਸੀ ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |

ਦੂਸਰੀ ਬਾਰੀ ਇਸ ਕੰਮ ਦੇ ਟੈਂਡਰ ਈ-ਟੈਂਡਰਿੰਗ ਪ੍ਰਨਾਲੀ ਰਾਹੀਂ ਟੂ ਸਟੇਟ ਸਿਸਟਮ ਅਧੀਨ ਠੇਕੇਦਾਰਾਂ ਤੋ ਮਿਤੀ 18.10.19 ਲਈ ਮੰਗੇ ਗਏ, ਜਿਸ ਵਿੱਚ ਵੈਸਟ ਹਲਕੇ ਵਿੱਚ 4 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਠੇਕੇਦਾਰ ਵਿਕਾਸ ਧਵਨ ਦੀ ਬਿਡ ਮਿਆਰ ਪਖੋ ਪੂਰੀ ਨਾ ਹੋਣ ਕਾਰਨ ਇਸ ਦੀ ਤਕਨੀਕੀ ਬਿਡ ਖਾਰੀਜ਼/ਕੈਂਸਲ ਕਰਦੇ ਹੋਏ ਬਾਕੀ 3 ਠੇਕੇਦਾਰਾਂ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਜਾਰੀ ਕੀਤੇ ਗਏ ਅਤੇ ਸੈਂਟਰਲ ਹਲਕੇ ਵਿੱਚ 3 ਟੈਂਡਰ ਪ੍ਰਾਪਤ ਹੋਏ, ਜਿਸ ਵਿੱਚ ਸ਼ਰੀਫਪੁਰਾ ਕੋ-ਆਪ ਐਲ.ਸੀ ਸੁਸਾਇਟੀ ਅੰਮ੍ਰਿਤਸਰ ਦੀ ਤਕਨੀਕੀ ਬਿਡ ਮਿਆਰ ਪਖੋ ਪੂਰੀ ਨਹੀ ਸੀ, ਜਿਸ ਕਾਰਨ ਇਸ ਟੈਂਡਰ ਵਿੱਚ ਸਿਰਫ 2 ਠੇਕੇਦਾਰ ਰਹਿ ਜਾਂਦੇ ਹਨ। ਨਾਰਥ ਅਤੇ ਕੈਂਟ ਹਲਕੇ ਦੇ ਕੇਵਲ 1-1 ਟੈਂਡਰ ਪ੍ਰਾਪਤ ਹੋਏ। ਇਸ ਲਈ ਸਥਾਨਕ ਸਰਕਾਰ ਦੇ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਾਰਨ ਸੈਂਟਰਲ, ਨਾਰਥ ਅਤੇ ਕੈਂਟ ਹਲਕੇ ਦੇ ਟੈਂਡਰਾਂ ਨੂੰ ਰੱਦ ਕਰਦੇ ਹੋਏ ਰੀ-ਕਾਲ ਕਰਨ ਦੇ ਹੁਕਮ ਜਾਰੀ ਕੀਤੇ ਗਏ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਦੂਸਰੀ ਬਾਰੀ ਪ੍ਰਾਪਤ ਟੈਂਡਰ | | | | | |
|---|---|---|---|---|---|
| Sr. no | Name of work | Est.Amt | No of Bids Receive | Name of Agency | Remarks |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In West Constituency | 5773248 | 4 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ)<br>ਅਕਾਸ਼ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਵਿਕਾਸ ਧਵਨ (ਟੈਕਨੀਕਲ ਨਾਟ-ਅਲੀਜੀਬਲ) | ਇਸ ਹਲਕੇ ਵਿੱਚ 3 ਅਜੰਸੀਆਂ ਤਕਨੀਕੀ ਮਿਆਰ ਪਖੋ ਪੂਰੀਆਂ ਸਨ, ਜਿਹਨਾ ਦੀਆਂ ਵਿੱਤੀ ਬਿਡਾਂ ਖੋਲਣ ਦੇ ਹੁਕਮ ਦਿੱਤੇ ਗਏ। |
| 2 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | | ਘੱਟ ਬਿਡਾਂ ਪ੍ਰਾਪਤ ਹੋਣ ਕਰਕੇ ਨਹੀ ਖੋਲੇ |
| 3 | Supply of 5 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Cantt Constituency | 4811040 | 1 | | ਘੱਟ ਬਿਡਾਂ ਪ੍ਰਾਪਤ ਹੋਣ ਕਰਕੇ ਨਹੀ ਖੋਲੇ |
| 4 | Supply of 7 No of Tractorwith Trollies with GPS System (Hydraulic type) on Hiring Basis with Driver, Diesel with Two unskiled labour in Health Branch in Central Constituency | 6735456 | 3 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ)<br>ਸ਼ਰੀਫ ਪੂਰਾ ਕੋ-ਆਪ ਸੁਸਾਇਟੀ (ਟੈਕਨੀਕਲ ਨਾਟ-ਅਲੀਜੀਬਲ) | ਕੇਵਲ 2 ਅਜੰਸੀ ਦੀਆਂ ਤਕਨੀਕੀ ਬਿਡਾਂ ਪੁਰੀਆ ਸਨ ਪਰੰਤੂ ਸਥਾਨਕ ਸਰਕਾਰ ਦੀ ਨੋਟੀਫਿਕੇਸ਼ਨ ਅਨੁਸਾਰ ਘੱਟ ਬਿਡਾਂ ਪ੍ਰਾਪਤ ਹੋਣ ਕਰਾਨ ਇਹਨਾਂ ਨੂੰ ਰੱਦ ਕਰਕੇ ਰੀ-ਕਾਲ ਕੀਤਾ ਗਿਆ |

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਨਾਰਥ ਅਤੇ ਕੈਂਟ ਹਲਕੇ ਲਈ ਠੇਕੇਦਾਰਾਂ ਤੋ ਮਿਤੀ 25.10.19 ਲਈ ਮੰਗੇ ਗਏ, ਜਿਸ ਵਿੱਚ ਨਾਰਥ ਹਲਕੇ ਲਈ ਸਿਰਫ ਇਕ ਬਿਡ ਪ੍ਰਾਪਤ ਹੋਈ ਅਤੇ ਕੈਂਟ ਹਲਕੇ ਵਿੱਚ ਦੋ ਬਿਡਾਂ ਪ੍ਰਾਪਤ ਹੋਇਆਂ ਜ਼ੋ ਮਿਆਰ ਪਖੋ ਪੂਰੀਆਂ ਸੀ। ਸੈਂਟਰਲ ਹਲਕੇ ਲਈ ਮਿਤੀ 07.11.19 ਲਈ ਮੰਗੇ ਗਏ, ਜਿਸ ਵਿੱਚ ਇਕ ਬਿਡ ਪ੍ਰਾਪਤ ਹੋਈ, ਜ਼ੋ ਮਿਆਰ ਪਖੋ ਪੂਰੀਆਂ ਸਨ ਜਿਹਨਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਤੀਸਰੀ ਬਾਰੀ ਪ੍ਰਾਪਤ ਟੈਂਡਰ | | | | |
|---|---|---|---|---|
| Sr .no | Name of work | Est.Amt | No of Bids Receive | Name of Agency |
| 1 | Supply of 6 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In North Constituency | 5773248 | 1 | ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |
| 2 | Supply of 5 nos of Tractor with Trollies fitted with GPS system (Hydraulic type) on hiring Basis with driver, Diesel with Two unskilled labour each for lifting of garbage for Health Branch In Cantt Constituency | 4811040 | 2 | ਵਿਸ਼ਾਲ ਗੋਰਮੈਂਟ ਕੰਟਰੈਕਟਰ (ਟੈਕਨੀਕਲ ਅਲੀਜੀਬਲ)<br>ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |
| 3 | Supply of 7 No of Tractorwith Trolies with GPS System (Hydraulic type) on Hiring Basis with Driver, Diesel with Two unskiled labour in Health Branch in Central Constituency | 6735456 | 1 | ਗੋਰਵ ਗੁਪਤਾ (ਟੈਕਨੀਕਲ ਅਲੀਜੀਬਲ) |

ਵਿਸ਼ੇ ਅਧੀਨ ਚਾਰੇ ਕੰਮ ਇੱਕ ਹੀ ਨੇਚਰ ਦੇ ਸਨ ਅਤੇ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ ਇਹ ਕੰਮਾਂ ਦੇ ਟੈਂਡਰਾਂ ਨੂੰ ਸਟਾਰ ਰੇਟ ਪ੍ਰਵਾਨ ਕੀਤੇ ਜਾਣੇ ਹਨ। ਸਟਾਰ ਰੇਟ ਲਾਗੂ ਹੋਣ ਕਾਰਨ ਇਹਨਾ ਚਾਰੋ ਹਲਕੇ ਦੇ ਕੰਮਾਂ ਦੀਆਂ ਵਿੱਤੀ ਬਿਡਾਂ ਮਿਤੀ 07.11.19 ਖੋਲੀਆਂ ਗਈਆਂ ਅਤੇ ਤੁਲਨਾਤਮਕਸੂਚੀ ਅਨੁਸਾਰ ਘੱਟ ਰੇਟ ਠੇਕੇਦਾਰ/ਅਜੰਸੀ L1 ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਕੰਮ ਦਾ ਨਾਮ ਅਤੇ ਹਲਕਾ | ਤਖਮੀਨਾ ਰੁਪਏ | L1 ਅਜੰਸੀ ਦਾ ਨਾਮ | ਸੇਵਿੰਗ | ਟੈਂਡਰ ਅਮਾਉਂਟ ਰੁਪਏ |
|---|---|---|---|---|---|
| 1 | Supply of 6 No. Tractors with Trolley on hiring basis with 2 No. Labour for each trolley West Constituency | 57,73,248/- | ਵਿਸ਼ਲ ਗੋਰਮੈਂਟ ਕੰਟਰੈਕਟਰ | 35.35% | 42,41,525/- |
| 2 | Supply of 5 No. Tractors with Trolley on hiring basis with 2 No. Labour for each trolley Cantt Constituency | 48,11,040/- | **ਵਿਸ਼ਲ ਗੋਰਮੈਂਟ ਕੰਟਰੈਕਟਰ** | 37.11% | 34,71,042/- |
| 3 | Supply of 6 No. Tractors with Trolley on hiring basis with 2 No. Labour for each trolley North Constituency | 57,73,248/- | ਗੋਰਵ ਗੁਪਤਾ | 16.13% | 50,74,494/- |
| 4 | Supply of 7 No. Tractors with Trolley on hiring basis with 2 No. Labour for each trolley Central Constituency | 67,35,456/- | ਗੋਰਵ ਗੁਪਤਾ | 15.13% | 59,70,805/- |

ਉਪਰੋਕਤ ਦਰਸ਼ਾਏ ਟੇਬਲ ਅਨੁਸਾਰ ਇਹਨਾਂ ਕੰਮਾਂ ਲਈ ਵਿਸਤਾਰਪੂਰਵਕ ਐਨ.ਆਈ.ਟੀ, ਟਰਮਜ਼ ਕੰਡੀਸ਼ਨਜ਼ ਅਤੇ ਅਲੀਜੀਬਿਲਟੀ ਕਰਾਈਟੀਰਿਆ ਤਿਆਰ ਕਰਕੇ ਐਨ.ਆਈ.ਟੀ ਦੀਆਂ ਸ਼ਰਤਾਂ ਅਨੁਸਾਰ ਇਹਨਾਂ ਕੰਮਾਂ ਲਈ ਪ੍ਰਾਪਤ ਟੈਂਡਰਾਂ ਵਿੱਚੋ ਸਟਾਰ ਰੇਟ ਕੈਲਕੁਲੇਟ ਕਰਕੇ ਵੱਖ-ਵੱਖ ਹਲਕੀਆਂ ਦੇ ਕੰਮ ਇਕ ਹੀ ਰੇਟ ਤੇ ਅਲੀਜੀਬਿਲਟੀ ਕਰਾਈਟੀਰਿਆ ਅਨੁਸਾਰ ਠੇਕੇਦਾਰਾਂ ਨੂੰ ਅਲਾਟ ਕੀਤੇ ਜਾਣੇ ਹਨ।

ਵੈਸਟ ਹਲਕੇ ਦੇ 3 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਵਿਸ਼ਾਲ ਗੋਰਮੈਂਟ ਕੰਟਰੈਕਟਰ ਦਾ ਹੈ, ਜਿਸ ਨੇ 35.35% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਕੈਂਟ ਹਲਕੇ ਦੇ 2 ਟੈਂਡਰ ਪ੍ਰਾਪਤ ਹੋਏ ਹਨ, ਜਿਸ ਵਿੱਚ ਘੱਟ ਰੇਟਾਂ ਦਾ ਟੈਂਡਰ ਮੈਸਰਜ਼ ਵਿਸ਼ਾਲ ਗੋਰਮੈਂਟ ਕੰਟਰੈਕਟਰ ਦਾ ਹੈ, ਜਿਸ ਨੇ 37.11% ਸੇਵਿੰਗ ਆਫਰ ਕੀਤੀ ਹੈ, ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਨਾਰਥ ਹਲਕੇ ਦਾ 1 ਟੈਂਡਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਘੱਟ ਰੇਟ ਦਾ ਟੈਂਡਰ ਮੈਸਰਜ਼ ਗੋਰਵ ਗੁਪਤਾ ਦਾ ਹੈ, ਜਿਸ ਨੇ 16.13% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਸੈਂਟਰਲ ਹਲਕੇ ਦਾ 1 ਟੈਂਡਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਘੱਟ ਰੇਟ ਦਾ ਟੈਂਡਰ ਮੈਸਰਜ਼ ਗੋਰਵ ਗੁਪਤਾ ਦਾ ਹੈ, ਜਿਸ ਨੇ 15.13% ਸੇਵਿੰਗ ਆਫਰ ਕੀਤੀ ਹੈ, ਪਰੰਤੂ ਐਨ.ਆਈ.ਟੀ ਦੀ ਕੰਡੀਸ਼ਨਜ਼ ਅਨੁਸਾਰ ਇਸ ਅਜੰਸੀ ਨੂੰ 37.11% ਸੇਵਿੰਗ ਤੇ ਕੰਮ ਅਲਾਟ ਕੀਤਾ ਜਾਣਾ ਬਣਦਾ ਹੈ।

ਹੈਲਥ ਅਫਸ਼ਰ ਵਲੋਂ ਲਿਖਿਆ ਹੈ ਕਿ ਨਗਰ ਨਿਗਮ ਵੱਲੋਂ ਪ੍ਰਕਾਸ਼ਿਤ ਐਨ.ਆਈ.ਟੀ ਦੀਆਂ ਸ਼ਰਤਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਅਨੁਸਾਰ ਵੱਖ-ਵੱਖ ਅਜੰਸੀਆਂ ਨੂੰ ਸਟਾਰ ਰੇਟ ਵਾਲੀ ਐਨ.ਆਈ.ਟੀ ਦੀ ਕੰਡੀਸ਼ਨ ਅਨੁਸਾਰ 37.11% ਦੀ ਸੇਵਿੰਗ ਤੇ ਅਲਾਟ ਕਰਨਾ ਬਣਦਾ ਹੈ। ਇਸ ਲਈ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਹਵਾਲੇ ਅਧੀਨ ਮੱਦ ਰਾਹੀਂ ਵਿਚਾਰਿਆ ਗਿਆ ਅਤੇ ਕਮੇਟੀ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ:

*"ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ। ਫੈਸਲਾ ਹੋਇਆ ਕਿ ਇਹਨਾਂ ਟਰਾਲੀਆਂ ਪਾਸੋਂ ਲਏ ਜਾਣ ਵਾਲੇ ਕੰਮਾਂ ਲਈ ਕੀਤੀ ਗਈ ਪਲਾਨਿੰਗ ਸਬੰਧੀ ਰਿਪੋਰਟ ਲਿਖ਼ਤੀ ਰੂਪ ਵਿੱਚ ਕਮੇਟੀ ਨੂੰ ਪੇਸ਼ ਕੀਤੀ ਜਾਵੇ । ਇਹ ਵੀ ਫੈਸਲਾ ਹੋਇਆ ਕਿ ਪਿਛਲੀਆਂ ਟਰਾਲੀਆਂ ਨੂੰ ਐਨ.ਆਈ.ਟੀ. ਦੀਆਂ ਸ਼ਰਤਾਂ ਅਨੁਸਾਰ ਲਗਾਏ ਗਏ ਜੁਰਮਾਨੇ ਸਬੰਧੀ ਸਮੇਤ ਮਿਸਲਾਂ ਕਮੇਟੀ ਨੂੰ ਪੇਸ਼ ਕੀਤੀਆਂ ਜਾਣ।"*

ਸਿਹਤ ਅਫਸਰ ਨੇ ਮਿਤੀ 3.1.2020 ਰਾਹੀਂ ਲਿਖਿਆ ਹੈ ਕਿ ਵਿੱਤ ਅਤੇ ਠੇਕਾ ਕਮੇਟੀ ਦੇ ਫੈਸਲੇ ਸਬੰਧੀ ਦੱਸਿਆ ਜਾਂਦਾ ਹੈ ਕਿ ਟਰਾਲੀਆਂ ਦੀ ਪਲੈਨਿੰਗ ਸਬੰਧੀ ਡਿਟੇਲ ਸਾਰੇ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰਾਂ ਨੂੰ ਭੇਜ਼ ਦਿੱਤੀ ਗਈ ਸੀ। ਜੁਰਮਾਨੇ ਸਬੰਧੀ ਦੱਸਿਆ ਜਾਂਦਾ ਹੈ ਕਿ ਠੇਕੇਦਾਰ ਵਲੋਂ ਮਹੀਨਾਵਾਰ ਬਿਲ ਜੀ.ਪੀ.ਐਸ. ਰਿਪੋਰਟ ਸਮੇਤ ਦੇਣ ਸਬੰਧੀ ਦੱਸਿਆ ਗਿਆ ਸੀ। ਉਸ ਵਲੋਂ ਜਾਣਕਾਰੀ ਉਪਲੱਬਧ ਕਰਾਉਣ ਤੋਂ ਬਾਅਦ ਜੁਰਮਾਨੇ ਸਬੰਧੀ ਜਾਣਕਾਰੀ ਦੇ ਦਿੱਤੀ ਜਾਵੇਗੀ ।

ਟੈਂਡਰ ਵਿਚਾਰ ਅਤੇ ਫੈਸਲੇ ਲਈ ਵਿੱਤ ਅਤੇ ਠੇਕਾ ਕਮੇਟੀ ਵਿਚ ਪੇਸ਼ ਹੈ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ

8.1.2020